# ਸ਼ਿੰਗਾਰਕ ਵਸਤਾਂ ਨਾਲ ਸੰਬੰਧਿਤ ਪੰਜਾਬੀ ਲੋਕ ਗੀਤ

* ਡਾ. ਸੋਨਦੀਪ ਮੋਂਗਾ

ਸੁੰਦਰ ਪ੍ਰਗਟਾਵਾ ਮਨੁੱਖ ਦੀ ਕੁਦਰਤੀ ਪ੍ਰਵਿਰਤੀ ਹੈ ਜੋ ਉਸ ਨੂੰ ਸੱਭਿਆਚਾਰ ਵੱਲ ਅਗਰਸਰ ਵੀ ਕਰਦੀ ਹੈ।ਪੰਜਾਬੀ ਸੱਭਿਆਚਾਰ ਦਾ ਆਧਾਰ ਵੀ ਪੰਜਾਬੀ ਲੋਕਾਂ ਦੀ ਸੁੰਦਰ ਜੀਵਨ ਸ਼ੈਲੀ ਹੈ, ਜਿਸ ਦੀਆਂ ਵੱਖ-ਵੱਖ ਕਲਾਤਮਕ ਛੋਹਾਂ ਇਸ ਜੀਵਨ ਸੱਭਿਆਚਾਰ ਵਿਚੋਂ ਝਲਕਦੀਆਂ ਹਨ।ਲੋਕ ਗਹਿਣੇ ਤੇ ਸ਼ਿੰਗਾਰਕ ਵਸਤਾਂ ਵੀ ਪੰਜਾਬੀ ਲੋਕ ਜੀਵਨ ਦਾ ਹਿੱਸਾ ਹਨ।ਜਿਥੇ ਇਹ ਪੰਜਾਬੀਆਂ ਦੀ ਆਰਥਿਕ ਖੁਸ਼ਹਾਲੀ ਤੇ ਸਰੀਰਕ ਮਰਯਾਦਾ ਦੇ ਪ੍ਰਤੀਕ ਮੰਨੇ ਜਾਂਦੇ ਹਨ ਨਾਲੋ ਨਾਲ ਉਹਨਾਂ ਦੀ ਰੰਗੀਨ ਤਬੀਅਤ ਤੇ ਹਜ਼ਾਰ ਨਖਰਿਆਂ ਦਾ ਹਵਾਲਾ ਵੀ ਬਣਦੇ ਹਨ ਜਿਨ੍ਹਾਂ ਦਾ ਵੇਰਵਾ ਪੰਜਾਬੀ ਲੋਕ ਗੀਤਾਂ ਵਿੱਚ ਬੇਹਿਸਾਬ ਮਿਲਦਾ ਹੈ।ਪੰਜਾਬੀ ਦੇ ਕੁਝ ਲੋਕ ਗੀਤ ਤਾਂ ਇਹਨਾਂ ਸ਼ਿੰਗਾਰਕ ਗਹਿਣਿਆਂ ਦੇ ਨਾਮ ਤੋਂ ਹੀ ਪ੍ਰਚਲਿਤ ਹਨ।ਡਾ. ਨਾਹਰ ਸਿੰਘ ਵੀ ਲੋਕ ਗੀਤਾਂ ਵਿੱਚ ਸੱਭਿਆਚਾਰ ਦੀ ਸਾਰੀ ਵਿਸ਼ਾ ਸਮੱਗਰੀ ਨੂੰ ਸਮਾਇਆ ਹੋਇਆ ਮੰਨਦੇ ਹੋਏ ਲਿਖਦੇ ਹਨ ਕਿ 'ਲੋਕ ਗੀਤ ਕਿਸੇ ਖਿੱਤੇ ਦੇ ਲੋਕਾਂ ਦੇ ਸਮੂਹਕ ਮਨ ਤੇ ਅਵਚੇਤਨ ਆਪੇ ਦੀ ਥਾਹ ਪਾਉਣ ਲਈ ਇੱਕ ਭਰੋਸੇਯੋਗ ਸਮੱਗਰੀ ਪ੍ਰਦਾਨ ਕਰਦਾ ਹੈ।ਲੋਕ ਗੀਤ ਵਿਚੋਂ ਸੰਬੰਧਿਤ ਜਨ ਸਮੂਹ ਜਾਂ ਜਾਤੀ ਦੀ ਸਮੁੱਚੀ ਪਰੰਪਰਾ ਆਪਣੇ ਮੌਲਿਕ ਸਵਰ ਵਿੱਚ ਇਕ ਵਿਲੱਖਣ ਉਚਾਰ ਪ੍ਰਾਪਤ ਕਰਦੀ ਹੈ ਇਸ ਵਿੱਲਖਣ ਸਵਰ ਵਿੱਚ ਸੰਬੰਧਿਤ ਲੋਕ ਸਮੂਹ ਦੇ ਸਮੂਹਕ ਅਸਤਿਤਵ ਦੀ ਪਛਾਣ ਨਿਹਿਤ ਹੁੰਦੀ ਹੈ'।[1] ਪਰੰਤੂ ਡਾ. ਰਸ਼ਮੀ ਨੰਦਾ ਇਹਨਾਂ ਨੂੰ ਕਿਸੇ ਇਕ ਦਾਇਰੇ ਵਿੱਚ ਰੱਖ ਕੇ ਨਹੀਂ ਵਾਚਦੇ ਉਹਨਾਂ ਅਨੁਸਾਰ 'ਲੋਕ ਗੀਤਾਂ ਦਾ ਖੇਤਰ ਬਹੁਤ ਵਿਸ਼ਾਲ ਹੈ।ਮਨੁੱਖੀ ਜੀਵਨ ਦੇ ਪ੍ਰਗਟਾਵੇ ਦੇ ਮੂਲ ਭਾਵਾਂ ਨੂੰ ਸਾਦੇ ਰੂਪ ਵਿੱਚ ਦਰਸਾਉਣ ਦੀ ਸ਼ਕਤੀ ਲੋਕ ਗੀਤਾਂ ਵਿੱਚ ਹੁੰਦੀ ਹੈ'।[2]

ਸੁਖਦੇਵ ਮਾਧਪੁਰੀ ਪੰਜਾਬੀ ਲੋਕ ਗੀਤਾਂ ਦੀਆਂ ਪ੍ਰਗਟਾਵੇ ਦੇ ਆਧਾਰ ਤੇ ਵੰਨਗੀਆਂ ਕਰਦੇ ਲਿਖਦੇ ਹਨ ਕਿ 'ਪੰਜਾਬ ਦੇ ਲੋਕ ਗੀਤਾਂ ਵਿੱਚ ਪੰਜਾਬ ਦਾ ਜਨ ਜੀਵਨ ਧੜਕਦਾ ਹੈ।ਇਹ ਪੰਜਾਬੀਆਂ ਦੀ ਕਲਾਤਮਕ ਸਿਰਜਣਾ ਦਾ ਸੁਹਜ- ਆਤਮਕ ਪ੍ਰਗਟਾਵਾ ਹੈ'।[3] ਇਸ ਤਰ੍ਹਾਂ ਪੰਜਾਬੀ ਲੋਕ ਗੀਤ ਪੰਜਾਬੀ

ਜਨ ਜੀਵਨ ਤੇ ਸੱਭਿਆਚਾਰ ਦੀ ਤਰਜਮਾਨੀ ਹੈ ਪਰੰਤੂ ਇਸ ਤੋਂ ਇਹ ਨਹੀਂ ਸਮਝਿਆ ਜਾ ਸਕਦਾ ਕਿ ਗਹਿਣਿਆਂ ਤੇ ਗੀਤ ਘੜ੍ਹਨ ਲਈ ਪੰਜਾਬੀ ਲੋਕਾਂ ਨੇ ਲੋਕ ਗੀਤ ਲਈ ਕੋਈ ਵੱਖਰਾ ਸਾਂਚਾ ਜਮਾਇਆ ਹੋਵੇਗਾ।ਲੋਕ ਗੀਤ ਹਮੇਸ਼ਾ ਸਵੈਨਿਰਮਿਤ ਹੁੰਦੇ ਹਨ।' A folk song is composed itself''[4] ਹਾਂ ਇਸ ਨੂੰ ਇਸ ਦੀ ਵਿਲੱਖਣਤਾ ਇਕ ਖੇਤਰੀ ਪਹਿਚਾਣ ਤੇ ਨਿਵੇਕਲਾ ਸਰੂਪ ਬਖਸ਼ਦੀ ਹੈ। ਇਸ ਲਈ ਲੋਕ ਗੀਤ ਕਿਸੇ ਵੀ ਜਾਤੀ ਦੀ ਪਰੰਪਰਾ ਤੇ ਸੱਭਿਆਚਾਰ ਨੂੰ ਜਿਉਂਦਿਆਂ ਰੱਖਣ ਲਈ ਸ਼ਕਤੀਸ਼ਾਲੀ ਮਾਧਿਅਮ ਵਜੋਂ ਪ੍ਰਯੋਗ ਹੁੰਦੇ ਹਨ ਫਿਰ ਭਾਵੇਂ ਉਹ ਉਥੋਂ ਦੇ ਗਹਿਣਿਆਂ ਨਾਲ ਹੀ ਸੰਬੰਧਿਤ ਕਿਉਂ ਨਾ ਹੋਣ।

ਸਿਧੂੰ ਘਾਟੀ ਦੀ ਸੱਭਿਅਤਾ ਦੀ ਖੁਦਾਈ ਵਿੱਚ ਪੰਜਾਬੀਆਂ ਦੇ ਪਰੰਪਰਾਗਤ ਗਹਿਣਿਆਂ ਦਾ ਮਿਲਣਾ ਇਹਨਾਂ ਦੀ ਪੁਰਾਤਤਵ ਸੱਭਿਆਚਾਰਕ ਪਹਿਚਾਣ ਮੰਨਿਆ ਜਾ ਸਕਦਾ ਹੈ ਪਰ ਸਮੇਂ ਨਾਲ ਇਹਨਾਂ ਦੀ ਬਣਤਰ ਤੇ ਰਿਵਾਜ ਵਿੱਚ ਫਰਕ ਪੈਂਦਾ ਗਿਆ। ਪਹਿਲੇ ਪਹਿਲ ਇਹ ਗਹਿਣੇ ਸਿਰ, ਕੰਨ, ਨੱਕ, ਗਲੇ ਬਾਹਾਂ ਤੇ ਪੈਰ ਜਾਂ ਗਿੱਟਿਆ ਤੇ ਪਹਿਨੇ ਜਾਂਦੇ ਤੇ ਇਹਨਾਂ ਤੇ ਦੇਵੀ ਦੇਵਤਿਆਂ ਜਾਂ ਫੁੱਲ ਬੂਟੀਆਂ ਦੀ ਸਜਾਵਟ ਕੀਤੀ ਹੁੰਦੀ ਜਿਸ ਤਰ੍ਹਾਂ ਚੰਪਾ ਕਲੀ ਹਾਰ, ਸ਼ੇਰਾਂ ਹਾਥੀਆਂ ਵਾਲੇ ਕੜੇ, ਮੋਰ ਨੁਮਾ ਝੁਮਕੇ ਆਦਿ।ਮੁਸਲਮਾਨਾਂ ਦੀ ਆਮਦ ਨਾਲ ਇਹਨਾਂ ਉੱਤੇ ਚੰਦਰਮਾ ਤੇ ਸੂਰਜ ਦੀਆਂ ਆਕ੍ਰਿਤੀਆਂ ਬਣਾਈਆਂ ਜਾਣ ਲੱਗੀਆਂ। ਇਥੋਂ ਤੱਕ ਕਿ 'ਆਈਨਿ-ਅਕਬਰੀ' ਵਿੱਚ ਅਕਬਰ ਬਾਦਸ਼ਾਹ ਵਲੋਂ ਗਹਿਣੇ ਘੜ੍ਹਨ ਵਾਲਿਆਂ ਦੀ ਤਾਰੀਫ ਦਰਜ ਹੈ। ਅੰਗਰੇਜ਼ਾਂ ਦੀ ਆਮਦ ਨਾਲ ਇਹਨਾਂ ਦੇ ਰਿਵਾਜ ਬਦਲ ਗਏ ਇਥੋਂ ਤੱਕ ਕਿ ਕਈ ਗਹਿਣੇ ਤਾਂ ਅਲੋਪ ਹੀ ਹੋ ਗਏ।ਕਿਹਾ ਜਾਂਦਾ ਹੈ ਕਿ ਅੰਗਰੇਜ਼ਾਂ ਨੂੰ ਨੱਕ ਦੇ ਗਹਿਣੇ ਜਿਵੇਂ ਨੱਥ, ਕੋਕਾ ਨੱਥਲੀ ਬਿਲਕੁਲ ਪਸੰਦ ਨਹੀਂ ਸਨ ਪਰ ਪੰਜਾਬੀਆਂ ਨੇ ਇਹਨਾਂ ਦਾ ਸ਼ੌਂਕ ਨਹੀਂ ਤਿਆਗਿਆ।ਪੰਜਾਬੀ ਲੋਕ ਗੀਤ ਗਵਾਹੀ ਭਰਦੇ ਹਨ ਕਿ ਇਹ ਸ਼ਿੰਗਾਰਕ ਵਸਤਾਂ ਪੰਜਾਬੀਆਂ ਦੀ ਟਾਹਰ ਤੇ ਅਣਖ ਦੇ ਪ੍ਰਤੀਕ ਹਮੇਸ਼ਾਂ ਰਹੇ ਹਨ।

ਪੰਜਾਬੀ ਲੋਕ ਗੀਤਾਂ ਵਿੱਚ ਗਹਿਣਿਆਂ ਦਾ ਜ਼ਿਕਰ ਵੀ ਬਹੁਤ ਚਿਰ ਪਹਿਲੇ ਤੋਂ ਹੀ ਹੁੰਦਾ ਆ ਰਿਹਾ ਹੈ, ਇਥੋਂ ਤੱਕ ਕਿ ਪੰਜਾਬ ਦੀਆਂ ਕਿੱਸਾ-ਗਾਥਾਵਾਂ ਵਿੱਚ ਵੀ ਇਹਨਾਂ ਦਾ ਵਰਣਨ ਮਿਲਦਾ ਹੈ ਜਿਵੇਂ ਹੀਰ ਦਮੋਦਰ ਵਿੱਚ ਰਾਂਝੇ ਦੇ ਪਹਿਰਾਵੇ ਵਿੱਚ ਗਹਿਣਿਆਂ ਦੀ ਸ਼ਮੂਲੀਅਤ ਬਾਰੇ

ਲਿਖਿਆ ਹੈ 'ਹੱਥੀ ਕੜੇ ਤੇ ਕੰਨੀ ਲਟਕੇ, ਮੱਝ (ਲੱਕ) ਨੀਲਾ ਖੇਸ ਖਨਾਵੇ'। ਇਥੋਂ ਤੱਕ ਕੇ ਹੀਰ ਨੂੰ ਦਾਜ ਵਜੋਂ ਦਿੱਤੇ ਗਏ ਸੋਨੇ ਚਾਂਦੀ ਦੇ ਗਹਿਣਿਆਂ ਦਾ ਜ਼ਿਕਰ ਵੀ ਮਿਲਦਾ ਹੈ। ਇਹਨਾਂ ਪ੍ਰੀਤ ਕਿੱਸਿਆ ਤੇ ਅਧਾਰਤਿ ਲੋਕ ਗੀਤਾਂ ਤੋਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਪੰਜਾਬੀ ਸੱਭਿਆਚਾਰ ਵਿੱਚ ਜ਼ਨਾਨੇ ਤੇ ਮਰਦਾਵੇਂ ਗਹਿਣੇ ਵੱਖੋ- ਵੱਖਰੇ ਹਨ।ਜਿਵੇਂ ਮਰਦਾਂ ਦੇ ਗਹਿਣਿਆਂ ਵਜੋਂ ਕੈਂਠਾ, ਨੱਤੀਆਂ, ਮੁਰਕੀਆਂ, ਵਾਲੇ, ਮੁੰਦਰਾਂ, ਜੰਜੀਰੀ, ਤਵੀਤ, ਮੁੰਦਰੀ, ਕੜਾ ਆਦਿ ਪ੍ਰਚਲਿਤ ਸਨ ਤੇ ਔਰਤਾਂ ਤਾਂ ਵੰਨ ਸੁਵੰਨੇ ਸਿਰ ਤੋਂ ਪੈਰ ਤੱਕ ਕਈ ਗਹਿਣੇ ਪਹਿਨਦੀਆਂ ਜਿਵੇਂ ਸਿਰ ਦੇ ਸ਼ਿੰਗਾਰ ਲਈ: ਸੱਗੀ ਫੁੱਲ, ਕਲਿੱਪ, ਚੌਂਕ ਚੰਦ, ਸ਼ਿੰਗਾਰ ਪੱਟੀ, ਕੰਨ ਲਈ: ਕਾਂਟੇ, ਬੁੰਦੇ, ਲੋਟਣ, ਸੋਨ ਚਿੜੀਆਂ, ਪਿੱਪਲ ਪੱਤੀਆਂ, ਤੁੰਗਲ, ਬੁਜੀਲੀਆਂ, ਟੌਪਸ, ਡੰਡੀਆਂ ਆਦਿ। ਨੱਕ ਦੇ ਸ਼ਿੰਗਾਰ ਲਈ: ਤੀਲੀ, ਲੌਂਗ, ਕੋਕਾ, ਰੇਖ,ਨੱਥ, ਮਛਲੀ। ਲੰਮੀ ਧੌਣ ਲਈ: ਹੱਸ, ਮਾਲਾ, ਗੁਲੂਬੰਦ, ਗਾਨੀ ਤੇ ਹਾਰ, ਕੰਢੀ, ਲੱਕ ਦੁਆਲੇ ਚਾਂਦੀ ਦੀ ਤਾਘੜੀ, ਬਾਹਾਂ ਲਈ: ਕੰਗਣ, ਚੂੜੀਆਂ, ਵੰਗਾਂ, ਚੂੜਾ, ਗਜਰੇ, ਬੰਦ, ਬਾਕਾਂ ਆਦਿ, ਹੱਥ ਲਈ: ਆਰਸੀ, ਛਾਪਾਂ-ਛੱਲੇ, ਕਲੀਚੜੀਆਂ, ਪੈਰਾਂ ਲਈ: ਜੰਜੀਰਾਂ, ਝਾਜਰਾਂ, ਪੰਜੇਬਾਂ, ਕੁੰਡਲੀਦਾਰ ਤੋੜੇ ਆਦਿ।ਇਸ ਤਰ੍ਹਾਂ ਪੰਜਾਬਣਾਂ ਵਲੋਂ ਮਰਦਾਂ ਮੁਕਾਬਲੇ ਹਾਰ-ਸ਼ਿੰਗਾਰ ਦੀ ਸਮੱਗਰੀ ਵਧੇਰੇ ਪ੍ਰਯੋਗ ਕੀਤੀ ਜਾਂਦੀ। ਇਸ ਤੋਂ ਇਲਾਵਾ ਵੀ ਮਹਿੰਦੀ, ਕਾਜਲ, ਸੰਧੂਰ ਬਿੰਦੀਆਂ, ਵੰਨ-ਸੁਵੰਨੇ ਦੁੱਪਟੇ-ਡੋਰੀਏ ਤੇ ਕਈ ਕਲੀਆਂ ਦੇ ਘੱਗਰੇ ਇਹਨਾਂ ਦੇ ਸ਼ਿੰਗਾਰ ਦਾ ਮੁੱਖ ਹਿੱਸਾ ਰਹੇ। ਲੋਕ ਗੀਤਾਂ ਵਿੱਚ ਵੀ ਇਹਨਾਂ ਦਾ ਜ਼ਿਕਰ ਇਹਨਾਂ ਹਵਾਲਿਆਂ ਤੇ ਹੀ ਆਧਾਰਿਤ ਹੈ।ਜੇ ਮਰਦ ਆਪਣੇ ਗਹਿਣਿਆਂ ਦਾ ਪ੍ਰਗਟਾਵਾ ਆਪਣੀ ਅਣਖ ਤੇ ਆਰਥਿਕ ਖੁਸ਼ਹਾਲੀ ਵਜੋਂ ਕਰਦਾ ਤਾਂ ਔਰਤ ਆਪਣੇ ਸੁਹੱਪਣ ਤੇ ਵਖੱਰੇਪਣ ਲਈ ਕਰਦੀ।ਇਥੋਂ ਤੱਕ ਕਿ ਵਾਰ- ਤਿਉਹਾਰ ਮੌਕੇ ਗਹਿਣਿਆਂ ਦੀ ਵੀਰ ਤੋਂ, ਪਿਤਾ ਤੋਂ, ਪਤੀ ਤੋਂ ਮੰਗ, ਅਤੇ ਨਾ ਮਿਲਣ ਉੱਤੇ ਤਾਅਨੇ ਵੀ ਲੋਕ ਗੀਤਾਂ ਵਿਚੋਂ ਲੱਭ ਪੈਂਦੇ ਹਨ। ਡਾ. ਜੀਤ ਸਿੰਘ ਜੋਸ਼ੀ ਅਨੁਸਾਰ ਪੰਜਾਬ ਦੀ ਔਰਤ ਅਤੇ ਮਰਦ ਦੋਵੇਂ ਗਹਿਣੇ ਪਹਿਨਦੇ ਰਹੇ। ਔਰਤ ਦਾ ਗਹਿਣਾ ਪਹਿਨਣਾ ਪਤੀ ਨੂੰ ਚੰਗੇ ਲੱਗਣ ਜਾ ਨਾ ਲੱਗਣ ਨਾਲ ਸੰਬੰਧ ਰੱਖਦਾ ਹੈ'।[5] ਗੁਰੂ ਨਾਨਕ ਦੇਵ ਜੀ ਨੇ ਬਹੁਤ ਪਹਿਲੇ ਗੁਰਬਾਣੀ ਵਿੱਚ ਇਸ ਸਾਰਥਕਤਾ ਵੱਲ ਸੰਕੇਤ ਕੀਤਾ ਹੈ:

ਮੁੰਧੇ ਪਿਰ ਬਿਨੁ ਕੀਆ ਸੀਗਾਰ।[6]

ਪੰਜਾਬੀ ਲੋਕ ਗੀਤਾਂ ਤੇ ਖੋਜ ਕਰਨ ਵਾਲੇ ਵਿਦਵਾਨ ਮਹਿੰਦਰ ਸਿੰਘ ਰੰਧਾਵਾ ਤੇ ਦੇਵਿੰਦਰ ਸਤਿਆਰਥੀ ਪੰਜਾਬੀ ਲੋਕ ਗੀਤਾਂ ਵਿੱਚ ਗਹਿਣਿਆਂ ਦੇ ਨਾਵਾਂ ਤੇ ਇਹਨਾਂ ਨਾਲ ਜੁੜੀਆਂ ਭਾਵਨਾਵਾਂ ਨੂੰ ਦਰਜ ਮੰਨਦੇ ਲਿਖਦੇ ਹਨ 'ਬੁੰਦੇ, ਵਾਲੀਆਂ, ਕਾਂਟੇ, ਚੌਂਕ, ਜੁਗਨੀ, ਬਾਂਕਾਂ, ਮੁੰਦਰੀ, ਚੰਦ, ਟਿੱਕਾ ਠੂਠੀ, ਫੁੱਲ, ਕੰਠਾ, ਡੰਡੀਆਂ, ਨੱਤੀਆਂ,ਗੋਖੜੂ, ਨੱਥ, ਮੱਛਲੀ, ਤੀਲੀ, ਤਵੀਤ, ਬਾਜੂ- ਬੰਦ, ਪਰੀ ਬੰਦ,ਤੋੜੇ ਤੇ ਝਾਂਜਰਾਂ ਤੇ ਹੋਰ ਵੀ ਅਨੇਕ ਗਹਿਣਿਆਂ ਦੇ ਨਾਂ ਲੋਕ ਗੀਤਾਂ ਵਿੱਚ ਮਿਲ ਜਾਣਗੇ।.... ਮੁੜ ਮੁੜ ਲੋਕ ਗੀਤਾਂ ਵਿੱਚ ਇਹ ਭਾਵਨਾ ਉਭਰਦੀ ਹੈ ਕਿ ਇਸਤਰੀ ਨੇ ਆਪਣੇ ਰੂਪ ਦੀ ਕਦਰ ਕਰਵਾਣੀ ਹੈ ਤਾਂ ਉਸ ਦਾ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸ਼ਿੰਗਾਰਨਾ ਬਹੁਤ ਜ਼ਰੂਰੀ ਹੈ।ਲੋਕ ਗੀਤਾਂ ਤੋਂ ਇਹ ਗੱਲ ਨਿੱਤਰ ਆਉਂਦੀ ਹੈ ਕਿ ਸਲਾਹੁਣ-ਪਰਖਣ ਵਾਲਿਆਂ ਦੀ ਨਜ਼ਰ ਵੀ ਗਹਿਣਿਆਂ ਉੱਤੇ ਹੀ ਵਧੇਰੇ ਟਿਕਦੀ ਹੈ।'[7] ਪਰ ਪੰਜਾਬੀ ਸੱਭਿਆਚਾਰ ਵਿੱਚ ਸਮਾਜਿਕ ਮਰਯਾਦਾ ਵਜੋਂ ਮਾਪਿਆਂ ਦੇ ਘਰ ਮੁਟਿਆਰ ਲਈ ਸ਼ਿੰਗਾਰ ਵਰਜਿਤ ਮੰਨਿਆ ਜਾਂਦਾ ਰਿਹਾ ਹੈ ਤੇ ਵਿਆਹੀ ਇਸਤਰੀ ਲਈ ਸ਼ਿੰਗਾਰਕ ਵਸਤਾਂ ਦਾ ਪ੍ਰਯੋਗ ਸ਼ਗਨਾਂ ਤੇ ਸੁਹਾਗ ਦੀ ਨਿਸ਼ਾਨੀ ਮੰਨਿਆ ਗਿਆ। ਜਿਵੇਂ ਕਿ ਲੋਕ ਗੀਤ ਪ੍ਰਚਲਿਤ ਹੈ:

-ਧਾਰੀ ਬੰਨ੍ਹ ਸੁਰਮਾ ਨਾ ਪਾਈਏ
ਧੀਏ, ਘਰ ਮਾਪਿਆਂ ਦੇ।
-ਬਣ ਬਣ ਨਿਕਲ ਸ਼ਰੀਰਾ।
ਇਹ ਪਿੰਡ ਸਹੁਰਿਆਂ ਦਾ।

ਕੁਝ ਸੀਮਿਤ ਮੌਕਿਆਂ ਤੇ ਜਿਵੇਂ ਵੀਰ ਦੇ ਵਿਆਹ ਮੌਕੇ ਜਾਂ ਤੀਆਂ ਦੇ ਤਿਉਹਾਰ ਮੌਕੇ ਹੀ ਖੁੱਲ ਮਿਲਦੀ ਸੀ। ਲੋਕ ਗੀਤਾਂ ਵਿੱਚ ਇਹਨਾਂ ਗਹਿਣਿਆਂ ਦੀ ਮੰਗ, ਪਹਿਨਣ ਦਾ ਸ਼ੌਂਕ ਤੇ ਰਿਸ਼ਤੇਦਾਰੀ ਵਿੱਚ ਪਰਿਵਾਰਕ ਖੁਸ਼ਹਾਲੀ ਤੇ ਆਰਥਿਕ ਉਚੱਤਾ ਦੇ ਪ੍ਰਗਟਾਵੇ ਵਜੋਂ ਹੀ ਜ਼ਿਕਰ ਮਿਲਦਾ ਹੈ। ਕੁਝ ਕੁ ਪ੍ਰਮੁੱਖ ਗਹਿਣਿਆਂ ਅਤੇ ਸ਼ਿੰਗਾਰਕ ਵਸਤਾਂ ਨਾਲ ਸੰਬੰਧਿਤ ਪ੍ਰਚਲਿਤ ਲੋਕ ਗੀਤਾਂ ਦਾ ਵੇਰਵਾ ਇਸ ਪ੍ਰਕਾਰ ਹੈ:

## ਸਿਰ ਦਾ ਹਾਰ ਸ਼ਿੰਗਾਰ:

**ਸੱਗੀ ਫੁੱਲ:** ਸੱਗੀ ਇੱਕ ਗਹਿਣੇ ਵਜੋਂ ਪੰਜਾਬਣ ਦੇ ਸਿਰ ਦਾ ਤਾਜ਼ ਹੈ ਜੋ ਮੱਥੇ ਦੇ ਉਪੱਰਵਾਰ ਐਨ ਸਿਰ ਦੇ ਸਿਖਰ ਤੇ ਪਹਿਨੀ ਜਾਂਦੀ ਹੈ। ਇਹ ਮੁੱਧਾ ਕੱਪਨੁਮਾ ਗਹਿਣਾ ਹੈ, ਜਿਸਦੀ ਤਿੱਖੀ ਨੋਕ ਤੇ ਕੋਈ ਕੀਮਤੀ ਮੋਤੀ ਜਾਂ ਨਗ ਜੜਿਆ ਹੁੰਦਾ ਹੈ। ਇਹ ਰੰਗਦਾਰ ਤੇ ਚਮਕੀਲਾ ਗਹਿਣਾ ਦੁੱਪਟੇ ਨਾਲ ਅੱਧ ਕੱਜਿਆ ਜਾਂ ਪਤਲੇ ਡੋਰੀਏ ਚੋਂ ਲਿਸ਼ਕਾ ਮਾਰਦਾ ਹੈ ਕਿਉਂਕਿ ਇਸ ਦੇ ਖੋਲ ਤੇ ਸੋਨੇ ਚਾਂਦੀ ਦੀ ਮੀਨਾਕਾਰੀ ਵੀ ਕੀਤੀ ਗਈ ਹੁੰਦੀ ਹੈ। ਇਸ ਦੇ ਦੋਵੇਂ ਪਾਸੇ ਫੁੱਲ ਅਕਾਰ ਦੇ ਸਿਰੇ ਹੁੰਦੇ ਹਨ ਜਿਨ੍ਹਾਂ ਨਾਲ ਇਸ ਨੂੰ ਬੰਨਿਆ ਜਾਂਦਾ ਹੈ ਤੇ ਜਿਸ ਨਾਲ ਇਹ ਨਾਮ ਵਜੋਂ 'ਸੱਗੀ ਫੁੱਲ' ਪੁਕਾਰਿਆ ਜਾਂਦਾ ਹੈ। ਇਸ ਨਾਲ ਜੁੜੇ ਲੋਕ ਗੀਤਾਂ ਵਿੱਚ ਕਈ ਟੱਪੇ ਮਿਲ ਜਾਂਦੇ ਹਨ ਜਿਵੇ:

ਸੱਗੀ ਘੜਾ ਦੇ ਗਿਆ ਨੀ, ਫੁੱਲ ਹੈ ਨਹੀਂ ਪੱਲੇ
ਇਹਨਾਂ ਜੋਗੀਆਂ ਨੇ ਕਿਹੜੇ ਪੱਤਣ ਆ ਮੱਲੇ।[8]

**ਚੌਂਕ ਚੰਦ:** ਚੌਂਕ ਵੀ ਸੱਗੀ ਫੁੱਲ ਵਾਂਗ ਸਿਰ ਦਾ ਗਹਿਣਾ ਹੈ ਜੋ ਉਪਰੋਂ ਤਿੱਖਾ ਹੋਣ ਦੀ ਥਾਂ ਬੈਠਵਾਂ ਹੁੰਦਾ ਹੈ ਇਸ ਨੂੰ ਬੰਨਣ ਲਈ ਚੰਦ ਹੁੰਦੇ ਹਨ, ਜੋ ਜੰਜੀਰੀਆਂ ਨਾਲ ਬੰਨੇ ਹੁੰਦੇ ਹਨ ਜਿਵੇਂ ਸੱਗੀ ਫੁੱਲਾਂ ਨਾਲ ਬੰਨ ਕੇ ਸਿਰ ਤੇ ਟਿਕਾਈ ਹੁੰਦੀ ਹੈ। ਚੌਂਕ ਚੰਦ ਵਿਆਹ ਤੋਂ ਪਿਛੋਂ ਸੁਹਾਗ ਦੀ ਨਿਸ਼ਾਨੀ ਵਜੋਂ ਪਹਿਨੇ ਜਾਂਦੇ ਹਨ।ਜਿਵੇਂ ਇਸ ਲੋਕ ਗੀਤ ਵਿੱਚ ਜ਼ਿਕਰ ਹੈ:

ਚੌਂਕ ਘੜਾ ਦੇ ਗਿਆ ਨੀ ਪੁੱਤ ਸਹੁਰੇ ਦਾ।
ਫੁੱਲਾਂ ਦੀ ਦੇ ਗਿਆ ਸਾਈ, ਮੈਂ ਤੇਰੇ ਲੜ ਲਾਈ, ਕਦੋਂ ਮੱਤ ਸਮਝੇਗਾ?
ਮੱਤ ਸਮਝ ਬੇਗਾਨਿਆ ਪੁੱਤਾ, ਸਿੱਕੇ ਵਾਂਗ ਢਲ ਜਾਏਂਗਾ।[9]

**ਸ਼ਿੰਗਾਰ ਪੱਟੀ,ਟਿੱਕਾ, ਕਲਿੱਪ ਅਤੇ ਗੁੱਤ:** ਸ਼ਿੰਗਾਰ ਪੱਟੀ ਤੇ ਕੱਲਿਪ ਵੀ ਸਿਰ ਦੇ ਗਹਿਣੇ ਹਨ।ਪੰਜਾਬੀ ਸੱਭਿਆਚਾਰ ਵਿੱਚ ਇਹ ਸਾਰੀਆਂ ਹੀ ਸੁਹਾਗ ਦੀਆਂ ਨਿਸ਼ਾਨੀਆਂ ਮੰਨੀਆਂ ਗਈਆਂ ਹਨ। ਸ਼ਿੰਗਾਰ ਪੱਟੀ ਸੱਗੀ ਵਾਲੇ ਸਥਾਨ ਤੋਂ ਸਿਰ ਦੇ ਦੋਵੇਂ ਪਾਸੇ ਬਾਹਰੋਂ ਬਾਹਰ ਗੁੱਤ ਨਾਲ ਬੰਨੀ ਹੋਈ ਸੋਨੇ ਨਾਲ ਮੜੀ ਮਖਮਲ ਦੀ ਇੱਕ ਪੱਟੀ ਹੁੰਦੀ ਹੈ।ਇਸ ਦੇ ਨਾਲ ਭਾਰਾ ਤੇ ਜੜਾਊ

ਟਿੱਕਾ ਵੀ ਲੱਗਿਆ ਹੁੰਦਾ ਹੈ। ਕਦੇ- ਕਦੇ ਤਿਉਹਾਰ ਮੌਕੇ ਵੀਰ ਤੋਂ ਵੀ ਵਿਆਹੀ ਭੈਣ ਦੁਆਰਾ ਇਹ ਮੰਗ ਕੀਤੀ ਜਾਂਦੀ ਹੈ:

ਟਿੱਕਾ ਘੜਾ ਦੇ ਵੀਰਾ ਟਿੱਕਾ ਘੜਾ ਦੇ ਵੇ
ਜੇ ਬਲ ਪੈਂਦਾ ਵੀਰਾ ਮੋਤੀ ਜੜਾ ਦੇ ਵੇ
ਮੈਂ ਪ੍ਰਦੇਸਣ ਵੀਰਾ, ਕਦ ਕਦ ਕਹਿਣਾ ਵੇ ਵੇ ਹੋ......[10]

ਕਦੇ ਕਦੇ ਸੁਹਾਗਣ ਪਿਆਰ ਦੇ ਅੰਦਾਜ਼ ਵਿੱਚ ਆਪਣੇ ਪਤੀ ਤੋਂ ਲੋਕ ਗੀਤਾਂ ਵਿੱਚ 'ਟਿੱਕਾ ਸਿਉਂ ਤੋਂ ਟਿੱਕਾ ਘੜਾ ਦੇ' ਦੀ ਮੰਗ ਪਾਉਂਦੀ ਤਾਂ ਨਾਲ ਹੀ ਕਿਤੇ ਕਿਤੇ ਮੀਨੇ ਵਾਲੇ ਟਿੱਕੇ ਨਾ ਮਿਲਣ ਤੇ,ਪਤੀ ਤੇ ਤਾਅਨੇ ਵੀ ਕੱਸਦੀ ਜਿਵੇਂ:

ਚੰਦ ਬੀਬਾ ਸਾਡੇ ਮਾਪਿਆਂ ਨੇ ਦਿੱਤੜੇ,ਤੂੰ ਟਿੱਕਾ ਘੜਾ ਮੀਨਾਕਾਰੀ
ਵੇ ਬੇਸਮਝਾ, ਬੇਦਰਦਾ, ਵੇ ਮੈਂ ਪਿਉ ਘਰ ਰਹਾਂ ਵੇ ਕੁਆਰੀ।[11]

ਇਸੇ ਤਰ੍ਹਾਂ ਝੂੰਮਰ ਸੂਈ ਜਾਂ ਕਲਿੱਪ ਲਾਉਣ ਦਾ ਮਨੋਰਥ ਵੀ ਸਿਰ ਦੇ ਵਾਲਾਂ ਨੂੰ ਸਮੇਟਣਾ ਸੀ ਜਿਥੇ ਇਹ ਗਹਿਣੇ ਪੰਜਾਬੀ ਸੁਆਣੀ ਦਾ ਰੂਪ ਸੁਆਰਦੇ ਸਨ,ਉਥੋ ਉਪਯੋਗੀ ਵੀ ਹੁੰਦੇ ਸਨ।ਗੁੱਤ ਦਾ ਰਿਵਾਜ ਵੀ ਵਾਲਾਂ ਦੀ ਸਾਂਭ ਸੰਭਾਲ ਵਜੋਂ ਸਾਹਮਣੇ ਆਇਆ। ਜਿਸ ਲਈ ਪ੍ਰਯੋਗ ਚ ਆਉਣ ਵਾਲੀ ਕੰਘੀ ਵੀ ਲੋਕ ਗੀਤਾਂ ਦਾ ਹਵਾਲਾ ਬਣੀ। ਖੁੱਲੇ ਵਾਲਾਂ ਨੂੰ ਪੰਜਾਬੀ ਅਪਸ਼ਗਨੀ ਹੀ ਮੰਨਦੇ ਸਨ ਤੇ ਇਸ ਨਾਲ ਸੰਬੰਧਿਤ ਕਈ ਲੋਕ ਗੀਤ ਤੇ ਬੋਲੀਆਂ ਪ੍ਰਚਲਿਤ ਰੂਪ ਵਿੱਚ ਜੁੜੀਆਂ ਹੋਈਆਂ ਹਨ:

-ਘੁੰਢ ਕੱਢਣਾ ਤੇ ਨੰਗਾ ਰੱਖਣਾ ਕਲਿੱਪ ਵਾਲਾ ਪਾਸਾ.....
-ਕੰਘੀ ਵਾਹਵਾਂ ਤੇ ਦੁੱਖਣ ਮੇਰੇ ਵਾਲ ਨੀ ਮਾਏ......
-ਕੰਘੀਏ ਨੀ ਰੰਗ ਰੱਤੀਏ , ਕਿਸ ਮੇਰੀ ਨਾਜ਼ੋ ਸ਼ਿੰਗਾਰੀ.......[12]

**ਬਿੰਦੀਆਂ:** ਟਿੱਕੇ ਦੇ ਐਨ ਥੱਲੇ ਮੱਥੇ ਉੱਤੇ ਵੱਖੋ- ਵੱਖਰੇ ਡਿਜ਼ਾਇਨ ਦੀਆਂ ਬਿੰਦੀਆਂ ਜੋ ਗੂੰਦ ਦੇ ਸਹਾਰੇ ਮੱਥੇ ਦੀ ਚਮੜੀ ਤੇ ਟਿਕਾਈਆਂ ਜਾਂਦੀਆਂ ਹਨ।ਇਹ ਵੀ ਸੁਹਾਗ ਦੀ ਨਿਸ਼ਾਨੀ ਮੰਨੀ ਜਾਂਦੀ ਹੈ।ਸ਼ਿੰਗਾਰ ਦੇ ਕੇਂਦਰ ਬਿੰਦੂ ਵਜੋਂ ਜਾਣੀਆਂ ਜਾਂਦੀਆਂ ਬਿੰਦੀਆਂ ਸ਼ਿੰਗਾਰ ਦੀ ਸੋਭਾ ਹੁੰਦੀਆਂ ਹਨ। ਇਹਨਾਂ ਨਾਲ ਸੰਬੰਧਿਤ ਗੀਤ ਇੰਞ ਹੈ:

ਸ਼ਾਵਾ ਤਮਾਸ਼ਾ ਬਿੰਦੀਆਂ ਦਾ

ਵਾਹ ਵਾਹ ਤਮਾਸ਼ਾ ਬਿੰਦੀਆਂ ਦਾ
ਇਹ ਬਿੰਦੀਆਂ ਮੇਰੀ ਸੱਸ ਨੇ ਵੇਖੀਆਂ
ਰੋਟੀ ਪਾਣੀ ਬੰਦ, ਤਮਾਸ਼ਾ ਬਿੰਦੀਆਂ ਦਾ.......[13]

**ਸੰਧੂਰ:** ਇਸੇ ਤਰ੍ਹਾਂ ਮੱਥੇ ਤੇ ਸੁਹਾਗ ਦੀ ਨਿਸ਼ਾਨੀ ਵਜੋਂ ਸੰਧੂਰ ਵੀ ਸਜਾਇਆ ਜਾਂਦਾ ਹੈ ਜਿਸ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਗੀਤ ਪ੍ਰਚਲਿਤ ਹਨ ਜਿਵੇਂ ਇਸ ਲੋਕ ਗੀਤ ਵਿੱਚ ਸੰਧੂਰ ਨੂੰ ਉਪਮਾ ਵਜੋਂ ਵਰਤਿਆ ਗਿਆ:

ਮੱਖਣ ਤੇ ਸੰਧੂਰ, ਰੰਗ ਮਾਹੀਏ ਦਾ-ਸ਼ਾਵਾ ਰੰਗ ਮਾਹੀਏ ਦਾ
ਹਾਏ ਝੱਲਿਆ ਨਾ ਜਾਏ,ਰੰਗ ਮਾਹੀਏ ਦਾ
ਡੁੱਲ-ਡੁੱਲ ਪੈਂਦਾ ਨੀ ਰੰਗ ਮਾਹੀਏ ਦਾ......[14]

**ਕੰਨ ਦਾ ਸ਼ਿੰਗਾਰ:**

**ਡੰਡੀਆਂ:** ਕੰਨ ਦੇ ਗਹਿਣੇ ਪੰਜਾਬਣ ਦੇ ਸ਼ਿੰਗਾਰ ਦਾ ਖਾਸ ਹਿੱਸਾ ਰਹੇ ਜਿਵੇਂ ਕਾਂਟੇ, ਬੁੰਦੇ,ਲੋਟਨ, ਪਿੱਪਲ ਪੱਤੀਆਂ, ਮੁਰਕੀਆਂ, ਟੌਪਸ ਆਦਿ ਇਹਨਾਂ ਵਿਚੋਂ ਡੰਡੀਆਂ ਦਾ ਜ਼ਿਕਰ ਲੋਕ ਗੀਤਾਂ ਵਿੱਚ ਬਹੁਤ ਪੁਰਾਣਾ ਹੈ।ਡੰਡੀਆਂ ਕੋਕਰੂ  ਤੋਂ ਹੇਠਾਂ ਤੇ ਵਾਲੀਆਂ ਕਾਂਟਿਆਂ ਦੇ ਵਿਚਕਾਰ ਕੰਨ ਦੀ ਹੇਠਲੀ ਪੇਪੜੀ ਵਿੱਚ ਪਹਿਨੀਆਂ ਜਾਂਦੀਆਂ ਹਨ। ਇਥੋਂ ਤੱਕ ਕਿ ਬਿਰਧ ਔਰਤਾਂ ਵੀ ਇਹਨਾਂ ਨੂੰ ਪਹਿਨਣ ਲਈ 10-10 ਛੇਕ ਕਰਵਾਉਂਦੀਆਂ ਸਨ, ਕਿਉਂਕਿ ਹੇਠਾਂ ਪੇਪੜੀ ਵਲ ਇਹਨਾਂ ਦਾ ਆਕਾਰ ਛੋਟਾ ਹੁੰਦਾ ਜਾਂਦਾ ਸੀ।ਪਰ ਕਈ ਵਾਰ ਡੰਡੀਆਂ ਦੇ ਭਾਰ ਨਾਲ ਛੇਕ ਵੱਡੇ ਹੋ ਜਾਂਦੇ ਸਨ।ਪਹਿਨਣ ਵਾਲੀਆਂ ਮੁਟਿਆਰਾਂ ਨੂੰ ਵੀ ਇਸ ਗੱਲ ਦਾ ਅਹਿਸਾਸ ਹੁੰਦਾ ਸੀ, ਇਸ ਲਈ ਉਹ ਬੋਤੇ ਦੀ ਸਵਾਰੀ ਨੂੰ ਵੀ ਨਾ ਪਸੰਦ ਕਰਦੀਆਂ, ਜਦੋਂ ਤੀਆਂ ਨੂੰ ਵੀਰ ਲੈਣ ਆਉਂਦਾ ਤਾਂ ਉਹ ਗੀਤ ਗਾਉਂਦੀਆਂ:

ਸੁੰਦਰ  ਸਰੂਪ ਵੀਰਨਾ
ਬੋਤਾ ਉਹ ਲਿਆਈਂ ਵੀਰਨਾ
ਜਿਹੜਾ ਡੰਡੀਆਂ ਹਿਲਣ ਨਾ ਦੇਵੇ।[15]

**ਕਾਂਟੇ ਤੇ ਬੁੰਦੇ:** ਡੰਡੀਆਂ ਤੋਂ ਥੱਲੇ ਕੰਨ ਵਿੱਚ ਝੁਮਕੇ, ਕਾਂਟੇ ਤੇ ਬੁੰਦੇ, ਮੁਰਕੀਆਂ ਸੋਨ ਚਿੜਿਆਂ ਅਨੇਕਾਂ ਗਹਿਣੇ ਪ੍ਰਚਲਿਤ ਹਨ। ਇਹਨਾਂ ਨਾਲ ਸੰਬੰਧਿਤ ਅਨੇਕਾਂ ਲੋਕ ਗੀਤ ਵੀ ਮਿਲ ਜਾਂਦੇ ਹਨ ਜਿਵੇਂ ਜੁੜਾਊ ਬੁੰਦੇ ਲੈਣ ਦੀ

ਫਰਮਾਇਸ਼ ਲੋਕ ਗੀਤ ਵਿੱਚ ਮਿਲਦੀ ਹੈ 'ਲੈ ਦੇ ਜੜਾਊ ਬੁੰਦੇ ਵੇ, ਅਸੀਂ ਤੇਰੇ ਤਦ ਵਸਣਾ'। ਇਸ ਤਰ੍ਹਾਂ ਕੰਨ ਦੇ ਥੱਲੇ ਵੱਲ ਲਟਕਦੇ ਕਈ ਗਹਿਣੇ, ਮੁਰਕੀਆਂ, ਲੋਟਣ ਤੇ ਸੋਨ ਚਿੜੀਆਂ ਦਾ ਜ਼ਿਕਰ ਵੀ ਪੰਜਾਬ ਦੇ ਪੇਂਡੂ ਕਵਿਸ਼ਰਾਂ ਨੇ ਲੋਕ ਗੀਤਾਂ ਵਿੱਚ ਕੀਤਾ:

-ਤੇਰਾ ਰੂਪ ਝੱਲਿਆ ਨਾ ਜਾਵੇ,ਕੰਨੋ ਲਾਹ ਦੇ ਸੋਨ ਚਿੜੀਆਂ........
-ਲੋਟਣ ਬਣ ਮਿੱਤਰਾ, ਜੇ ਤੈਂ ਗੋਰੀਆਂ ਗੱਲ੍ਹਾਂ ਦਾ ਰਸ ਲੈਣਾ.........[16]

ਇਹਨਾਂ ਵਿਚੋਂ ਸਭ ਤੋਂ ਵੱਧ ਲੋਕ ਗੀਤ ਕਾਂਟਿਆਂ ਦੇ ਘੜ੍ਹੇ ਗਏ ਜਿਵੇ:

-ਕਾਂਟਿਆਂ ਦੇ ਵਿੱਚ ਤੂੰ ਜੜਾ ਦੇ ਬੈਟਰੀ
ਮੂੰਹ ਉੱਤੇ ਰਹੇ ਰੋਸ਼ਨੀ..........
-ਕਿੱਕਰ ਹੇਠ ਖਲੋਤੀਏ, ਕਿਉਂ ਹੋਈ ਏ ਦਿਲਗੀਰ ਕੁੜੇ
ਕੀਕੁਣ ਬੋਲਾਂ ਮਾਹੀ ਵੇ, ਕੰਨਾਂ ਤੋਂ ਮੈਂ ਬੁੱਚੀਆਂ
ਕਾਂਟੇ ਘੜਾਵਾਂ, ਤੇਰੇ ਕੰਨੀ ਪਾਵਾਂ..........[17]

**ਝੁਮਕੇ:** ਪੁਰਾਣੇ ਸਮਿਆਂ ਤੋਂ ਹੀ ਕੱਨਾਂ ਲਈ ਸਭ ਤੋਂ ਵੱਧ ਝੁਮਕੇ ਹੀ ਪਸੰਦ ਕੀਤੇ ਜਾਂਦੇ ਰਹੇ ਹਨ। ਇਹ ਬੁਜਲੀ ਦੇ ਵਿਚਕਾਰਲੇ ਛੇਕ ਵਿਚੋਂ ਲੰਘਾ ਕੇ ਪਹਿਨੇ ਜਾਂਦੇ ਹਨ ਤਾਂ ਕਿ ਕੰਨਾਂ ਵਿੱਚ ਪਹਿਨਣ ਵਾਲੀ ਨੂੰ ਸੌਖ ਰਹੇ।ਸੋਨੇ,ਚਾਂਦੀ,ਲਾਖ ਆਦਿ ਨਾਲ ਬਣੇ ਹੋਣ ਕਰਕੇ, ਇਹ ਹਲਕੇ ਹੁੰਦੇ ਸਨ ਤੇ ਪਹਿਨਣ ਵਿੱਚ ਵੀ ਅਰਾਮਦਾਇਕ ਤਾਂ ਹੀ ਇਹਨਾਂ ਦਾ ਪ੍ਰਚਲਨ ਵਧੇਰੇ ਸਮੇਂ ਤੱਕ ਰਿਹਾ। ਲੋਕ ਗੀਤਾਂ ਵਿਚ ਵੀ ਇਹਨਾਂ ਦੇ ਹਲਕੇ ਹੋਣ ਦਾ ਜ਼ਿਕਰ ਹੈ:

ਬੰਤੋ ਕੁੜੀ ਦੇ ਤਾਂ
ਝੁਮਕੇ ਵੇ ਹਲਕੇ
ਵੇ ਬਾਰਾਂਤਾਲੀ ਦੇ
ਸਾਡੇ ਆਉਣੀ ਦੇ
ਝੁਮਕੇ ਵੇ ਹਲਕੇ
ਵੇ ਬਾਰਾਂਤਾਲੀ ਦੇ.......[18]

ਇਹਨਾਂ ਤੋਂ ਇਲਾਵਾ ਨੱਤੀਆਂ ਤੇ ਪਿੱਪਲ ਪੱਤੀਆਂ ਨਾਲ ਸੰਬੰਧਿਤ ਲੋਕ ਗੀਤ ਵੀ ਉਪਲਬੱਧ ਹਨ ਕਿ 'ਆਹ ਲੈ ਨੱਤੀਆਂ ਕਰਾ ਲੈ ਪਿੱਪਲ ਪੱਤੀਆਂ, ਕਿਸੇ ਦੇ ਨਾਲ ਗੱਲ ਨਾ ਕਰੀ'।

**ਨੱਕ ਦਾ ਸ਼ਿੰਗਾਰ:** ਨੱਕ ਦੇ ਸ਼ਿੰਗਾਰ ਵਾਸਤੇ ਕਈ ਤਰ੍ਹਾਂ ਦੇ ਬਰੀਕ ਅਕਾਰੀ ਗਹਿਣਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਵੇਂ ਤੀਲੀ ਲੋਂਗ,ਕੋਕਾ, ਰੇਖ ਨੱਥ,ਮਛਲੀ, ਨੁਕਰਾ ਆਦਿ। ਪਰ ਕਮਾਲ ਦੀ ਗੱਲ ਇਹ ਹੈ ਕਿ ਇਹਨਾਂ ਛੋਟੇ-ਛੋਟੇ ਗਹਿਣਿਆਂ ਦੀ ਸੱਭਿਆਚਾਰਕ ਮਹੱਤਤਾ ਬਹੁਤ ਹੈ ਇਹ ਸੁਹਾਗ ਦੀ ਨਿਸ਼ਾਨੀ ਵਜੋਂ ਪਹਿਨੇ ਜਾਂਦੇ ਹਨ, ਇਹਨਾਂ ਨਾਲ ਸੰਬੰਧਿਤ ਗੀਤ ਵੀ ਪ੍ਰਚਲਿਤ ਰੂਪ ਵਿੱਚ ਉਪਲੱਬਧ ਹਨ ਜਿਵੇਂ:

**ਨੱਥ:** ਨੱਥ ਕੋਕੇ ਨੂੰ ਸੁਹਾਗ ਦੀ ਨਿਸ਼ਾਨੀ ਵਜੋਂ ਵਿਆਹੀਆਂ ਔਰਤਾਂ ਪਹਿਨਦੀਆਂ ਹਨ। ਇਹ ਵਿਚਕਾਰਲੀ ਨਾਸ ਦੇ ਛੇਕ ਵਿੱਚ ਪਹਿਨੀ ਜਾਂਦੀ ਹੈ। ਇਹ ਇੱਕ ਬਹੁਤ ਵੱਡਾ ਛੱਲਾ ਹੁੰਦਾ ਹੈ ਜਿਸ ਨਾਲ ਕਈ ਨਗ ਲਟਕਦੇ ਰਹਿੰਦੇ ਹਨ ਤੇ ਰੇਸ਼ਮੀ ਧਾਗੇ ਦੁਆਰਾ ਖੱਬੇ ਕੰਨ ਨਾਲ ਬੰਨ੍ਹਿਆ ਜਾਂਦਾ ਹੈ। ਨੱਥ ਨਾਲ ਕਦੇ ਕਦੇ ਮਛਲੀ (ਬੁਲਾਕ) ਪਹਿਨਣ ਦਾ ਰਿਵਾਜ ਵੀ ਹੈ ਪਰ ਨੱਥ ਦੀ ਮਹੱਤਤਾ ਵੱਖਰੀ ਹੀ ਹੈ ਜਿਵੇਂ ਕਿ ਇਸ ਲੋਕ ਗੀਤ ਵਿੱਚ ਦਰਜ ਹੈ:

ਅਸਾਂ ਡੋਲੀ 'ਚੋਂ ਕੱਢਿਆ ਹੱਥ ਵੇ
ਤੇਰੀ ਮਾਂ ਨੇ ਲਾਹ ਲਈ ਨੱਥ ਵੇ,
ਤੇ ਹੋਈ ਬੇ-ਸ਼ਗਨੀ, ਵੇ ਮੁੰਡਿਆ, ਹਈ ਸ਼ਾਵਾ...।[19]

**ਲੌਂਗ:** ਨੱਕ ਦੇ ਸ਼ਿੰਗਾਰ ਲਈ ਵੱਡਾ ਸਾਰਾ ਟੌਪਸ ਵਰਗਾ ਲੌਂਗ ਖੱਬੇ ਪਾਸੇ ਤੇ ਤੀਲੀ ਸੱਜੇ ਪਾਸੇ ਪਾਈ ਜਾਂਦੀ ਹੈ।ਸ਼ਿੰਗਾਰ ਵਿੱਚ ਇਸ ਦਾ ਮਹੱਤਵ ਬਹੁਤ ਰਿਹਾ ਤਾਂ ਹੀ ਸ਼ਾਇਦ ਇਹ ਨੱਕ ਤੇ ਨੱਖਰੇ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਰਿਹਾ ਹੈ ਇਸ ਦੇ ਇਕ ਲਿਸ਼ਕਾਰੇ ਮਾਤਰ ਨੇ ਹੀ ਕਈ ਗੀਤ ਘੜ੍ਹ ਦਿੱਤੇ ਕਿ 'ਤੇਰੇ ਲੋਂਗ ਦਾ ਪਿਆ ਲਿਸ਼ਕਾਰਾ, ਹਾਲੀਆਂ ਨੇ ਹੱਲ ਡੱਕ ਲਏ'।ਫੀਨੇ ਨੱਕ ਵਾਲੀਆਂ ਔਰਤਾਂ ਲਈ ਤਾਂ ਇਹ ਸ਼ਿੰਗਾਰ ਦਾ ਉਤੱਮ ਜਰੀਆ ਹਨ, ਜਿਸ ਦਾ ਹਵਾਲਾ ਵੀ ਲੋਕ ਗੀਤਾਂ ਵਿੱਚ ਮਿਲਦਾ ਹੈ ਕਿ 'ਲੌਂਗ ਚਾਂਭੜਾਂ ਪਾਵੇ ਮਿੱਡੀਆਂ ਨਾਸਾਂ ਤੇ'। ਇਸ ਲਈ ਪੰਜਾਬਣ ਦਾ ਇਹ ਮਨਪਸੰਦ ਗਹਿਣਾ ਰਿਹਾ ਜਿਸਦੇ

ਗੁਆਚ ਜਾਣ ਤੇ ਉਹ ਬਿਹਬਲ ਜਿਹੀ ਹੋ ਜਾਂਦੀ ਹੈ ਤੇ ਲੋਕ ਗੀਤ ਦੀ ਧੁਨ ਵਿੱਚ ਇੰਝ ਦੁਹਾਈ ਪਾਉਂਦੀ ਹੈ:

ਮਾਹੀ ਵੇ ਮੈਂ ਲੌਂਗ ਗਵਾ ਆਈ ਆਂ
ਸੋਹਣੀਏ ਨੀ ਕਿਥੇ ਗਵਾ ਆਈ ਐਂ?
ਲੌਂਗ ਗਵਾਚਾ, ਮੇਰੀ ਸੱਸ ਨੂੰ ਲੱਭਾ
ਉਸ ਡੰਡੀਆਂ ਕਰਾਈਆਂ
ਮੇਰੇ ਸਾਹਮਣੇ ਹੰਢਾਈਆਂ
ਮੇਰੇ ਵਜਣ ਕਾਲਜੇ ਛੁਰੀਆਂ
ਮੈਂ ਲੌਂਗ ਗਵਾ ਆਈ ਆਂ
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ।[20]

ਇਸੇ ਤਰ੍ਹਾਂ ਕੋਕੇ ਤੇ ਵੀ ਲੋਕ ਗੀਤ ਪ੍ਰਚਲਿਤ ਹੈ ਕਿ 'ਕੋਕਾ ਘੜਵਾ ਦੇ ਵੇ ਮਾਹੀਆ....ਕੋਕਾ, ਵੇ ਹਾਣੀਆ'।

**ਲੰਮੀ ਧੌਣ ਦਾ ਸ਼ਿੰਗਾਰ:** ਪੰਜਾਬਣ ਦੀ ਧੌਣ ਨੂੰ ਮੋਰਨੀ ਦੀ ਧੌਣ ਨਾਲ ਤੁਲਨਾ ਦਿੱਤੀ ਜਾਂਦੀ ਹੈ ਤੇ ਇਸ ਨੂੰ ਸ਼ਿ਼ਗਾਰਨ ਲਈ ਵੀ ਕਈ ਗਹਿਣੇ ਪਾਏ ਜਾਂਦੇ ਹਨ ਜਿਵੇਂ ਹੱਸ, ਕੰਢੀ, ਗੁਲੂਬੰਦ, ਮਾਲਾ, ਜੰਜੀਰੀ, ਗਾਨੀ ਤੇ ਹਾਰ।ਗੁਲਜਾਰ ਸਿੰਘ ਸੰਧੂ ਪੰਜਾਬਣਾਂ ਦੇ ਗੱਲੇ ਦੇ ਗਹਿਣਿਆਂ ਦਾ ਜ਼ਿਕਰ ਕਰਦੇ ਲਿਖਦੇ ਹਨ ਕਿ 'ਤੱਗਾ, ਹਮੇਲ, ਇਨਾਮ ਨਾਮੀਆਂ, ਤਵੀਤ, ਚੰਪਾਕਲੀ, ਚੌਂਕੀ, ਹੌਲਦਿਲੀ, ਚਟਾਲਾ,ਲੌਕਟ, ਪੈਂਡਲ, ਢੋਲਵੇ ਤਵੀਤ, ਛਿੰਗ, ਨੌਰਤਨਾ ਸੈੱਟ ਬੁਘਤੀਆਂ, ਰਾਣੀਹਾਰ, ਚੰਦਰਸੈਨੀ ਹਾਰ, ਟਿਉਟਾ, ਜੰਜ਼ੀਰੀ ਆਦਿ ਇਨ੍ਹਾਂ ਦੇ ਅਨੇਕ ਡਿਜ਼ਾਇਨ ਹਨ।.......ਡੋਰੀ ਵਿੱਚ ਪੌਂਡ ਪਰੋਤੇ ਹੋਣ ਤਾਂ ਉਸ ਨੂੰ ਤੱਗਾ, ਰੁਪਈਏ ਪਰੋਤੇ ਹੋਣ ਤਾਂ ਹਮੇਲ, ਸੋਨੇ ਦੇ ਪੈਸੇ ਜਿਹੇ ਪਰੋਤੇ ਹੋਣ ਤਾਂ ਬੁਘਤੀਆਂ,ਤਿਕੋਨੇ ਤਵੀਤ ਪਰੋਤੇ ਹੋਣ ਤਾਂ ਇਨਾਮ, ਚੰਪਾਕਲੀ ਜਿਹੀ ਪਰੋਤੀ ਹੋਵੇ ਤਾਂ ਚੰਪਾਕਲੀ, ਪੱਤੇਵਾਲੀ ਗੋਲ ਟਿਕੜੀ ਹੋਵੇ ਤਾਂ ਚੌਂਕੀ, ਨਿੱਕੀਆਂ ਤਿੰਨ-ਤਿੰਨ ਪੱਤਿਆਂ ਦੇ ਤਿੰਨ- ਤਿੰਨ ਗੁੱਛਿਆਂ ਵਾਲੀਆਂ ਤਿੰਨ ਚੌਂਕੀਆਂ ਹੋਣ ਤਾਂ ਚਟਾਲਾ, ਉਪਰੋਂ ਥੱਲੇ ਵਲ ਵੱਡੇ ਹੁੰਦੇ ਜਾਂਦੇ ਤਵੀਤ ਆਦਿ ਪਰੋਤੇ ਹੋਣ ਤਾਂ ਨੌਂ ਰਤਨਾ ਸੈੱਟ, ਰਾਣੀਹਾਰ ਜਾਂ ਚੰਨਣਹਾਰ, ਖਾਸ ਕਿਸਮ ਦੇ ਪੱਧਰ ਉੱਤੇ ਸੋਨਾ ਮੜ੍ਹਾਇਆ ਹੋਵੇ ਤਾਂ 'ਹੌਲਦਿੱਲੀ' ਕਹਿੰਦੇ ਹਨ।[21]

**ਗਾਨੀ, ਜੰਜੀਰੀ ਅਤੇ ਤਵੀਤ:** ਜੰਜੀਰੀ ਇੱਕ ਗੁੰਦਵੀਂ ਮਾਲਾ ਹੀ ਹੁੰਦੀ ਹੈ, ਜੋ ਗਰਦਨ ਨਾਲ ਲੱਗੀ ਰਹਿੰਦੀ ਹੈ, ਹਾਰ ਇਸ ਤੋਂ ਨੀਵੇਂ ਤੱਕ ਲਟਕਦਾ ਹੈ।ਗਾਨੀ ਤੇ ਤਵੀਤ ਵੀ ਗਲ ਨਾਲ ਚਿਮਟੀ ਰਹਿੰਦੀ ਹੈ।ਸਭ ਤੋਂ ਵੱਧ ਗੀਤ ਗਾਨੀ, ਤਵੀਤ ਤੇ ਜੰਜੀਰੀ ਨਾਲ ਹੀ ਸੰਬੰਧਿਤ ਹਨ ਜਿਵੇ:

–ਸੁੱਤੀ ਪਈ ਦੀ ਜੰਜੀਰੀ ਛਣਕੇ
ਗੱਭਰੂ ਦਾ ਮੱਚੇ ਕਾਲਜਾ
–ਘੁੰਢ ਕੱਢਣਾ, ਤਵੀਤ ਨੰਗਾ ਰੱਖਣਾ
ਛੜਿਆਂ ਦੀ ਹਿੱਕ ਲੂਹਣ ਨੂੰ
–ਤੇਰੇ ਦਿਲ ਦੀ ਸਮਝ ਲਾਂ ਸਾਰੀ
ਗਲ ਦਾ ਤਵੀਤ ਬਣ ਕੇ।[22]

**ਬਾਹਾਂ ਤੇ ਹੱਥਾਂ ਦਾ ਸ਼ਿੰਗਾਰ:** ਬਾਹਾਂ ਤੇ ਹੱਥਾਂ ਉੱਤੇ ਪੰਜਾਬਣਾਂ ਦੁਆਰਾ ਦਰਜਨਾਂ ਗਹਿਣੇ ਪਹਿਨੇ ਜਾਂਦੇ ਹਨ। ਕੂਹਣੀ ਤੋਂ ਬਾਂਹ ਵੱਲ ਨੂੰ ,ਕੰਗਣ, ਚੂੜੀਆਂ,ਪਰੀਬੰਦ, ਗਜਰੇ ਬੰਦ, ਚੂੜਾ ਪਹਿਨੇ ਜਾਂਦੇ।ਬਾਕਾਂ, ਗੁੱਟ ਵੀ ਇਸ ਸ਼ਿੰਗਾਰ ਦਾ ਹਿੱਸਾ ਹਨ ਨਾਲ ਹੀ ਹੱਥ ਤੇ ਛੱਲਾ,ਸ਼ੀਸ਼ੇ ਵਾਲੀ ਆਰਸੀ, ਛਾਪਾਂ, ਕਲੀਚੜੀਆਂ ਤੇ ਮੁੰਦਰੀਆਂ ਆਦਿ।

**ਲਾਲ ਚੂੜਾ:** ਲਾਲ ਚੂੜਾ ਸੁਹਾਗ ਦੀ ਖੂਬਸੂਰਤ ਨਿਸ਼ਾਨੀ ਹੈ, ਜੋ ਵਿਆਹ ਦੀ ਰਸਮ ਮੌਕੇ ਲਾਜ਼ਮੀ ਤੌਰ ਤੇ ਪਹਿਨਿਆ ਜਾਣ ਵਾਲਾ ਗਹਿਣਾ ਹੈ। ਇਹ ਬੰਦਾਂ ਨਾਲ ਪਹਿਨਿਆ ਜਾਂਦਾ ਹੈ ਪਰ ਇਸ ਨੂੰ ਪਹਿਨ ਕੇ ਘਰ ਦਾ ਕੰਮ ਕਰਨਾ ਔਖਾ ਹੈ ਜਿਵੇਂ ਕਿ ਇਹ ਲੋਕ ਗੀਤ ਇਸ ਦੀ ਸਾਖੀ ਭਰਦਾ ਹੈ ਕਿ 'ਮੇਰੀ ਚੰਦਰੀ ਦੀ ਜਾਤ ਤਰਖਾਣੀ, ਚੂੜਾ ਪਾ ਕੇ ਸੱਕ ਹੂੰਝਦੀ'। ਪਰ ਕਿਸੇ ਵੀ ਮੁਟਿਆਰ ਲਈ ਸੁੰਦਰ ਚੂੜਾ ਪਹਿਨਣਾ ਵਿਆਹ ਦੇ ਸੁਪਨੇ ਤੋਂ ਘੱਟ ਨਹੀਂ ਹੁੰਦਾ। ਇਸ ਸੰਬੰਧੀ ਹੋਰ ਵੀ ਗੀਤ ਪ੍ਰਚਲਿਤ ਹਲ ਜਿਵੇ:

ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਮੇਰੀ ਇੱਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ

ਜਾਨੀਆ, ਬਿਜਲੀ ਦਾ ਚੂੜਾ ਚੜ੍ਹਾਈਦੇ ਵੇ ਹੋ।
ਤੂੰ ਬਾਹਰ ਸੁਣੀਂਦਾ ਸੇਠ ਵੇ
ਘਰ ਹੈ ਨੀ ਡੱਬਾ ਖੇਸ ਵੇ, ਬਿਜਲੀ ਦਾ ਚੂੜਾ
ਬਿਜਲੀ ਦਾ ਚੂੜਾ ਚੜ੍ਹਾਈਦੇ ਵੇ
ਮੇਰੀ ਇੱਕ ਵਾਰੀ ਰੀਝ ਪੁਗਾਈਦੇ ਵੇ
ਬਿਜਲੀ ਦਾ ਚੂੜਾ।[23]

**ਵੰਗਾਂ ਅਤੇ ਵੰਗੜੀਆਂ:** ਬਾਹਾਂ ਉੱਤੇ ਕੱਚ ਦੀਆਂ ਚੂੜੀਆਂ ਪਹਿਨਣ ਦਾ ਰਿਵਾਜ ਬਹੁਤ ਆਮ ਹੈ। ਇਨ੍ਹਾਂ ਦੇ ਟੁੱਟਣ ਦਾ ਡਰ ਵੀ ਰਹਿੰਦਾ ਸੀ ਪਰ ਇਸ ਨਾਲ ਸੰਬੰਧਿਤ ਲੋਕ ਗੀਤ ਕਾਫੀ ਪੱਕੇ ਬਣੇ ਹੋਏ ਹਨ ਜਿਵੇਂ 'ਫੁੱਟ ਗਈਆਂ ਵੇ ਬਲੌਰੀ ਵੰਗਾਂ ਮੇਰੀਆਂ, ਛੱਡ ਮੇਰੀ ਬਾਂਹ ਅੜਿਆ'।ਇਹਨਾਂ ਵੰਗਾਂ ਕਰਕੇ ਵੀਣੀਆਂ ਤੇ ਵਣਜਾਰਿਆਂ ਦਾ ਵੀ ਲੋਕ ਗੀਤਾਂ ਵਿੱਚ ਬਹੁਤ ਮੁੱਲ ਪਿਆ।ਇਹਨਾਂ ਨਾਲ ਹਰੇ ਰੰਗ ਦੀਆਂ ਵੰਗਾਂ ਸ਼ਗਨਾਂ ਦੀਆਂ ਵੰਗਾਂ ਵਜੋਂ ਲੋਕ ਗੀਤਾਂ ਵਿੱਚ ਦਰਜ ਹਨ ਜਿਵੇਂ:

ਵੀਣੀ ਪਤਲੀ ਤੇ ਵੰਗਾਂ ਮੇਰੀਆਂ ਲਾਲ
ਵੰਗਾਂ ਟੋਕਵੀਆਂ
ਸ਼ਾਵਾ ਨੀ ਵੰਗਾਂ ਟੋਕਵੀਆਂ
ਇਹ ਵੰਗਾਂ ਮੇਰੇ ਮਾਹੀ ਨੇ ਭੇਜੀਆਂ
ਨੀ ਮੈਂ ਰੱਖਾਂ ਅੱਖੀਆਂ ਨਾਲ ਲਾਅ
ਵੰਗਾਂ ਟੋਕਵੀਆਂ
ਸ਼ਾਵਾ ਨੀ ਵੰਗਾਂ ਟੋਕਵੀਆਂ
ਨੀ ਮੈਂ ਰੱਖਾਂ ਸੀਨੇ ਨਾਲ ਲਾਅ
ਵੰਗਾਂ ਟੋਕਵੀਆਂ...।[24]

ਇਸੇ ਤਰ੍ਹਾਂ ਇਹ ਵੰਗੜੀਆਂ ਦੇ ਨਾਮ ਤੋਂ ਵੀ ਪ੍ਰਚਲਿਤ ਹੈ ਤੇ ਵੰਗਾਂ ਵੇਚਣ ਵਾਲੇ ਗਲੀ ਗਲੀ ਫਿਰਦੇ ਵਣਜਾਰੇ ਦਾ ਜ਼ਿਕਰ ਵੀ ਲੋਕ ਗੀਤਾਂ ਦਾ ਹਿੱਸਾ ਬਣਿਆ ਜਿਵੇਂ ਲੋਕ ਗੀਤ ਹੈ:

ਗਲੀ ਗਲੀ ਵਣਜਾਰਾ ਫਿਰਦਾ, ਤੁਸੀਂ ਵੰਗੜੀਆਂ ਲਵੋ ਨੀ ਚੜ੍ਹਾ

ਸੱਸ ਗਈ ਕੱਤਣ, ਨਣਾਨ ਗਈ ਤੁੰਮਣ, ਵੰਗੜੀਆਂ ਤੇ ਲੈਣੀਆਂ ਚੜ੍ਹਾ

ਅੱਗੇ ਤਾਂ ਕੱਤਦੀ ਸਾਂ ਦੋ ਚਾਰ ਛੱਲੀਆਂ ਅੱਜ ਮੈਂ ਕੱਤਿਆ ਈ ਪਾ
ਭਲਾ ਮੈਨੂੰ ਤੇਰੀ ਸੌਂਹ, ਤੇਰੀ ਸੌਂਹ, ਵੰਗੜੀਆਂ ਦਾ ਮੈਨੂੰ ਚਾ
ਖੂਹ ਉੱਤੇ ਮੈਂ ਪਾਣੀ, ਲੈਣ ਜਾਨੀਆਂ, ਵੰਗੜੀਆਂ ਦੇ ਚਾ
ਭਲਾ ਮੈਨੂੰ ਤੇਰੀ ਸੌਂਹ, ਤੇਰੀ ਸੌਂਹ, ਬਾਂਹ ਤੇ ਲੈਨੀ ਆਂ ਲਮਕਾ।[25]

**ਪਰੀਬੰਦ**: ਬੰਦ ਸੋਨੇ ਦੇ ਕੀਮਤੀ ਬਾਹਾਂ ਵਿੱਚ ਪਾਉਣ ਵਾਲੇ ਗਹਿਣੇ ਹਨ,ਜਿਸ ਤਰ੍ਹਾਂ ਕਿ ਇਸ ਨਾਲ ਲੋਕ ਗੀਤ ਜੁੜਿਆ ਹੋਇਆ ਹੈ 'ਮੁੰਡੇ ਮਰ ਗਏ ਕਮਾਈਆਂ ਕਰਦੇ,ਲੱਛੀ ਤੇਰੇ ਬੰਦ ਨਾ ਬਣੇ'।ਪਰੀਬੰਦ ਆਪਣੀ ਛਣਛਣ ਲਈ ਮਸ਼ਹੂਰ ਹਨ।ਇਸ ਦੀ ਝਣਕਾਰ ਤੇ ਵੀ ਲੋਕ ਗੀਤ ਘੜ੍ਹਿਆ ਹੋਇਆ ਹੈ:

ਪਰੀਬੰਦ ਬਿਸ਼ਰਮੀ ਗਹਿਣਾ
ਜੱਫੀ ਪਾਇਆ ਛਣਕ ਪਵੇ।[26]

**ਛੱਲਾ**: ਭਾਵੇਂ ਹੱਥ ਲਈ ਪੰਜ- ਅੰਗਲਾ, ਰਤਨ ਚੌਂਕ, ਆਰਸੀ, ਮੁੰਦਰੀ ਕਈ ਤਰ੍ਹਾਂ ਦੇ ਗਹਿਣੇ ਪਾਏ ਜਾਂਦੇ ਹਨ।ਪਰ ਸਭ ਤੋਂ ਮਨਭਾਉਂਦਾ ਗਹਿਣਾ 'ਛੱਲਾ ਇਸ ਨੂੰ ਮਰਦ ਤੇ ਤੀਵੀਆਂ ਦੋਵੇਂ ਪਹਿਨਦੇ ਹਨ।ਇਸ ਨਾਲ ਸੰਬੰਧਿਤ ਕਈ ਲੋਕ ਗੀਤ ਪ੍ਰਚਲਿਤ ਹਨ ਜਿਵੇਂ ਛੱਲਾ ਮੇਰਾ ਕਿਸ ਘੜਿਆ,ਉਂਗਲ ਕਰੇਂਦੀ ਪੀੜ' ਪਰ ਛੱਲੇ ਨਾਲ ਇਕ ਅਨੋਖੀ ਲੋਕ ਗਾਥਾ ਵੀ ਜੁੜੀ ਹੋਈ ਹੈ।ਇਹ ਇੱਕ ਪਿਉ ਪੁੱਤ ਦੀ ਦਾਸਤਾਨ ਹੈ।ਜੱਲਾ ਨਾਂ ਦਾ ਇੱਕ ਮਲਾਹ ਹਰੀਕੇ ਪਤਨ ਦਾ ਰਹਿਣ ਵਾਲਾ ਸੀ, ਜਿਸ ਨੂੰ ਰੱਬ ਨੇ ਇੱਕ ਪੁੱਤਰ ਨਾਲ ਨਿਵਾਜ਼ਿਆ ਸੀ।ਜੱਲੇ ਮਲਾਹ ਨੇ ਉਸ ਦਾ ਨਾਮ ਪ੍ਰਸਿੱਧ ਗਹਿਣੇ ਛੱਲੇ ਤੇ ਅਧਾਰਿਤ ਛੱਲਾ ਰੱਖਿਆ ਸੀ।ਇੱਕੋ ਇੱਕ ਪੁੱਤਰ ਹੋਣ ਕਰਕੇ ਜੱਲੇ ਨੇ ਉਸਨੂੰ ਬੜੇ ਲਾਡਾਂ ਨਾਲ ਪਾਲਿਆ।ਜਦ ਛੱਲਾ ਛੋਟਾ ਸੀ ਤਾਂ ਉਸ ਦੀ ਮਾਂ ਮਰ ਗਈ।ਜੱਲਾ ਮਲਾਹ ਉਸ ਨੂੰ ਆਪਣੇ ਨਾਲ ਕੰਮ ਤੇ ਲੈ ਜਾਂਦਾ।ਇੱਕ ਦਿਨ ਛੱਲੇ ਨੂੰ ਨਾਲ ਲੈ ਕੇ ਜਦ ਜੱਲਾ ਮਲਾਹ ਕੰਮ ਤੇ ਗਿਆ ਤਾਂ ਉਸ ਦੀ ਸਿਹਤ ਖਰਾਬ ਹੋ ਗਈ ਤੇ ਸਵਾਰੀਆਂ ਨੂੰ ਬੇੜੀ ਚ ਬਿਠਾ ਕੇ ਦੂਜੇ ਪਾਰ ਨਾ ਲਿਜਾ ਸਕਿਆ।ਸਵਾਰੀਆਂ ਦੇ ਜੋਰ ਪਾਉਣ ਤੇ ਉਸ ਨੇ ਛੱਲੇ ਨੂੰ ਬੇੜੀ ਲਿਜਾਣ ਲਈ ਕਹਿ ਦਿੱਤਾ।ਛੱਲਾ ਚਲਾ ਤਾਂ ਗਿਆ ਪਰ ਕਦੇ ਵਾਪਿਸ ਨਹੀਂ ਮੁੜਿਆ।ਸਤਲੁਜ ਤੇ ਬਿਆਸ ਚ

ਪਾਣੀ ਬਹੁਤ ਚੜ੍ਹ ਗਿਆ ਜੋ ਉਨ੍ਹਾਂ ਨੂੰ ਰੋੜ ਕੇ ਲੈ ਗਿਆ।ਪੁੱਤ ਦੇ ਵਿਛੋੜੇ ਵਿੱਚ ਜੱਲਾ ਮਲਾਹ ਪਾਗਲ ਜਿਹਾ ਹੋਇਆ ਨਦੀ ਕਿਨਾਰੇ ਗਾਉਂਦਾ ਫਿਰਦਾ ਰਹਿੰਦਾ.......

ਛੱਲਾ ਮੁੜ ਕੇ ਨਹੀਂ ਆਇਆ
ਰੋਣਾ ਉਮਰਾਂ ਦਾ ਪਾਇਆ
ਮੱਲਿਆ ਮੁਲਕ ਪਰਾਇਆ..

ਜਦ ਜੱਲੇ ਮਲਾਹ ਨੂੰ ਛੱਲੇ ਦੀ ਮਾਂ ਚੇਤੇ ਆਉਂਦੀ ਤਾਂ ਉਹ ਸੋਚਦਾ ਕਾਸ਼ ਉਹ ਜਿਉਂਦੀ ਹੁੰਦੀ ਤਾਂ ਮੈਂ ਆਪਣੇ ਛੱਲੇ ਨੂੰ ਕੰਮ ਤੇ ਨਾਲ ਨਹੀਂ ਸੀ ਲਿਆਉਣਾ ਤੇ ਗਾਉਣ ਲੱਗ ਜਾਂਦਾ:

ਗੱਲ ਸੁਣ ਛੱਲਿਆਂ ਕਾਵਾਂ
ਮਾਵਾਂ ਠੰਡੀਆਂ ਛਾਵਾਂ.....

ਜੱਲਾ ਪਾਣੀ ਚ ਹੱਥ ਮਾਰਦਾ ਤਾਂ ਲੋਕ ਪੁੱਛਦੇ ਕਿ ਜੱਲਿਆ ਕੀ ਲੱਭਦਾ? ਤਾਂ ਜੱਲਾ ਕਹਿੰਦਾ:

ਛੱਲਾ ਨੌਂ ਨੌਂ ਖੇਵੇ
ਪੁੱਤਰ ਮਿੱਠੜੇ ਮੇਵੇ
ਅੱਲਾ ਸਭ ਨੂੰ ਦੇਵੇ

ਰਾਤ ਹੋ ਜਾਂਦੀ ਤਾਂ ਲੋਕ ਕਹਿੰਦੇ ਜੱਲਿਆ ਘਰ ਨੂੰ ਜਾ ਤਾਂ ਜੱਲਾ ਕਹਿੰਦਾ:

ਛੱਲਾ ਬੇੜੀ ਦਾ ਪੂਰ ਏ
ਵਤਨ ਮਾਹੀਏ ਦਾ ਦੂਰ ਏ
ਜਾਣਾ ਪਹਿਲੇ ਪੂਰ ਏ।

ਇਸ ਤਰ੍ਹਾਂ ਉਹ ਮਲਾਹ ਪੁੱਤਰ ਦੀ ਯਾਦ ਵਿੱਚ ਇਸ ਲੋਕਗੀਤ ਰਾਹੀਂ ਵਿਛੋੜੇ ਰਾਹੀਂ ਛੱਲੇ ਤੋਂ ਬਿਨ੍ਹਾਂ ਬੰਦੇ ਦੇ ਖਾਲੀ ਹੱਥਾਂ ਦੀ ਦੁਹਾਈ ਪਾਉਂਦਾ ਹੈ।ਇੰਝ ਲੋਕ ਗੀਤਾਂ ਵਿੱਚ ਇਹ ਮਿਲਾਪ ਤੇ ਵਿਛੋੜੇ ਦੋਵਾਂ ਦਾ ਹੀ ਪ੍ਰਤੀਕ ਹੈ।

**ਪੈਰਾਂ ਦਾ ਸ਼ਿੰਗਾਰ:** ਪੰਜਾਬੀ ਸੁਆਣੀ ਦੇ ਸ਼ਿੰਗਾਰ ਦੀ ਸ਼ੌਂਕ ਦੀ ਇਤੰਹਾ ਹੀ ਹੈ ਸਿਰ ਤੋਂ ਪੈਰਾਂ ਤੱਕ ਦੇ ਸ਼ਿੰਗਾਰ ਦੀਆਂ ਵਸਤਾਂ ਸੁਨਿਆਰਿਆਂ ਨੇ ਘੜੀਆਂ ਕਈ ਤਾਂ ਇਨ੍ਹਾਂ ਨੂੰ ਸੁੰਦਰਤਾ ਹੀ ਨਹੀਂ ਸਰੀਰਕ ਅਰੋਗਤਾ ਨਾਲ ਵੀ ਜੋੜ ਕੇ ਵੇਖਦੇ ਹਨ ਜਿਵੇਂ ਜੰਜੀਰਾਂ, ਕੀਮਤੀ ਗੁਸਲਪੱਟੀ, ਪੰਜੇਬਾਂ, ਕੁੰਡਲੀਦਾਰ- ਤੋੜੇ, ਬਾਕਾਂ ਝਾਜਰਾਂ,ਪੈਰ ਦੇ ਪ੍ਰਮੁੱਖ ਗਹਿਣੇ ਹਨ

**ਝਾਂਜਰਾਂ:** ਇਹ ਕੜੀਦਾਰ, ਹਲਕੀਆਂ ਭਾਰੀਆਂ ਕਈ ਤਰ੍ਹਾਂ ਦੇ ਡਿਜ਼ਾਇਨ ਵਿੱਚ ਪਹਿਨੀਆਂ ਜਾਂਦੀਆਂ ਹਨ, ਝਾਂਜਰਾਂ ਦੀ ਝਣਕਾਰ ਜਿਥੇ ਮੁਟਿਆਰ ਨੂੰ ਮੰਨ ਭਾਉਂਦੀ ਹੈ ਉਥੇ ਨਵ- ਵਿਆਹੀ ਦੀ ਆਮਦ ਦੇ ਸੰਕੇਤ ਵਜੋਂ ਵੀ ਮਹੱਤਵ ਰੱਖਦੀ ਹੈ ਜਿਵੇਂ ਕਿ ਇਹ ਲੋਕ ਗੀਤ ਦੱਸ ਰਹੇ ਹਨ:

-ਇਹ ਜੋ ਝਾਂਜਰਾਂ ਤਾਰ ਅੰਗਰੇਜੀ
ਮਿੰਟਾਂ ਚ ਦੇਣ ਖਬਰਾਂ.....।[27]
-ਤੇਰੇ ਝਾਂਜਰਾਂ ਵੱਜਣ ਨੂੰ ਪਾਈਆਂ
ਲੰਘ ਗਈ ਪੈਰ ਦੱਬ ਕੇ.....।[28]

ਇਸ ਤੋਂ ਇਲਾਵਾ ਪੈਰ ਦੀਆਂ ਉਂਗਲੀਆਂ ਵਿੱਚ ਗੂਠੜੇ, ਬਿਛੂਏ ਤੇ ਛੱਲੇ, ਛੱਲੀਆਂ ਪਹਿਨਣ ਦਾ ਰਿਵਾਜ ਹੈ।ਬੱਚਿਆਂ ਦੇ ਗਿੱਟਿਆਂ ਤੇ ਪੋਟਿਆਂ ਤੇ ਵੀ ਇਹਨਾਂ ਨੂੰ ਪਹਿਨਾਉਣ ਦਾ ਰਿਵਾਜ ਹੈ।

ਪੰਜਾਬਣਾਂ ਦਾ ਸ਼ਿੰਗਾਰ ਇੱਥੇ ਹੀ ਬਸ ਨਹੀਂ, ਅੱਖਾਂ ਲਈ ਸੂਰਮਾ, ਦੰਦਾਂ ਲਈ ਦੰਦਾਸਾ,ਬੁੱਲਾਂ ਲਈ ਸੁਰਖੀ, ਹੱਥਾਂ ਪੈਰਾਂ ਲਈ ਮਹਿੰਦੀ, ਗੁੱਤ ਲਈ ਪਰਾਂਦੀ,ਰੇਸ਼ਮੀ ਨਾਲੇ, ਪੈਰਾਂ ਵਿੱਚ ਪਾਉਣ ਲਈ ਤਿੱਲੇਦਾਰ ਜੁੱਤੀ ਵੀ ਸ਼ਿੰਗਾਰ ਵਸਤਾਂ ਵਿੱਚ ਸ਼ਾਮਲ ਹਨ। ਵਾਲ ਵਾਉਣ ਲਈ ਕੰਘੀ ਦਾ,ਮਹਿੰਦੀ ਦੇ ਪੱਤਿਆਂ ਦਾ ਸ਼ਿੰਗਾਰਕ ਵਸਤਾਂ ਰੱਖਣ ਵਾਲੇ ਸ਼ਿੰਗਾਰ ਬਕਸੇ ਤੇ ਆਪਣੇ ਸੁੰਦਰ ਅਕਸ ਨੂੰ ਤੱਕਣ ਵਾਲੇ ਸ਼ੀਸ਼ੇ ਤੇ ਵੀ ਲੋਕ ਗੀਤ ਮਿਲਦੇ ਹਨ।

ਆਧੁਨਿਕ ਪਰਿਪੇਖ ਵਿੱਚ ਲੋਕ ਗੀਤਾਂ ਨੇ ਇਨ੍ਹਾਂ ਸ਼ਿੰਗਾਰਕ ਵਸਤਾਂ ਦੀ ਵਿਸ਼ਾ ਸਮੱਗਰੀ ਨੂੰ ਵਖੱਰੇ ਅੰਦਾਜ ਨਾਲ ਬਿਆਨ ਕੀਤਾ।ਮਰਦਾਂ ਨੇ ਇਸਤਰੀ ਦੇ ਇਸ ਸ਼ਿੰਗਾਰ ਨੂੰ ਕੰਮ ਕਾਜੀ ਵਿਵਸਥਾ ਤੋਂ ਵੱਧ ਕੇ ਮਹੱਤਵ ਦਿੱਤਾ ਜਿਸ ਨੂੰ ਲੋਕ ਗੀਤਾਂ ਨੇ ਬੜੇ ਪ੍ਰਤੀਕਾਰਤਮਕ ਤੇ ਕਲਾਤਮਕ ਢੰਗ ਨਾਲ ਇਨ੍ਹਾਂ ਦੀ ਤਾਰੀਫ ਰਾਹੀਂ ਇੰਝ ਪੇਸ਼ ਕੀਤਾ:

ਤੇਰੀ ਗੁੱਤ ਤੇ ਕਚਹਿਰੀ ਲੱਗਦੀ
ਦੂਰੋਂ ਦੂਰੋਂ ਆਉਣ ਝਗੜੇ
ਸੱਗੀ ਫੁੱਲ ਨੀ ਸੈਸ਼ਨ ਜੱਜ ਤੇਰਾ
ਕੈਂਠਾ ਤੇਰਾ ਮੁਹਤਮ ਹੈ
ਵਾਲੇ ਡੰਡੀਆਂ ਕਮਿਸ਼ਨਰ ਡਿਪਟੀ
ਨੱਤੀਆਂ ਇਹ ਨੈਬ ਬਣੀਆਂ
ਜ਼ੈਲਦਾਰ ਨੇ ਮੁਰਕੀਆਂ ਤੇਰੀਆਂ
ਸਫੇਦ- ਪੋਸ਼ ਬਣੇ ਗੋਖੜੂ
ਨੱਥ,ਮੱਛਲੀ,ਮੇਖ ਤੇ ਕੋਕਾ
ਇਹ ਨੇ ਸਾਰੇ ਛੋਟੇ ਮਹਿਕਮੇ
ਤੇਰਾ ਲੋਂਗ ਕਰੇ ਸਰਦਾਰੀ
ਬੁੰਦੇ ਬਣ ਗਏ ਵਕੀਲ ਵਲੈਤੀ
ਚੌਂਕ ਚੰਦ ਨਿਆਂ ਕਰਦੇ।[29]

ਇਸਤਰੀ ਵੀ ਹੁਣ ਵਧੇਰੇ ਫੈਸ਼ਨਦਾਰ ਹੋ ਗਈ ਤੇ ਉਸ ਨੇ ਆਪਣੇ ਸ਼ਿੰਗਾਰਕ ਰੂਪ ਨੂੰ ਸਮੇਂ ਨਾਲ ਬਦਲਿਆ ਜਿਸ ਦੀ ਗਵਾਹੀ ਇਹ ਲੋਕ ਗੀਤ ਭਰ ਰਿਹਾ ਹੈ:

ਕੱਟਣੀਂ ਸੁੱਖਣ ਤੈਨੂੰ ਰਾਮ ਜੀ ਨੇ ਦੇ ਲਈ
ਸਾਡਾ ਪਿਆਜੀ ਬਾਣਾ
ਚੰਦ ਡੰਡੀਆਂ ਨੇ ਛਹਿਬਰ ਲਾਈ
ਹੋ ਗਿਆ ਲੋਂਗ ਪੁਰਾਣਾ।[30]

ਪਿੰਡ ਦੀ ਥਾਂ ਸ਼ਹਿਰੀਕਰਨ ਦਾ ਹੋਕਾ ਵੀ ਲੋਕ ਗੀਤਾਂ ਵਿੱਚ ਟਿੱਚਰ ਬਣਿਆ ਜਿਥੇ ਪੁਰਾਣਾ ਸੱਭਿਆਚਾਰਕ ਪਹਿਰਾਵਾ ਲੋਕ ਗੀਤਾਂ ਦਾ ਸ਼ਿੰਗਾਰ ਸੀ ਨਵੇਂ ਜਮਾਨੇ ਵਿੱਚ ਉਨ੍ਹਾਂ ਸ਼ਿੰਗਾਰਕ ਵਸਤਾਂ ਨੂੰ ਨਕਾਰਿਆ ਵੀ ਗਿਆ ਕਿ:

ਕੱਢੀ ਹੋਈ ਜੁੱਤੀ ਅਸੀਂ ਕਦੀਉਂ ਨਾ ਪਾਮਣੀ
ਹੀਲ ਪਾ ਕੇ ਬਜਾਰ ਜਾਣਾ।[31]

ਸਿੱਖਿਆ, ਸੰਚਾਰ ਤੇ ਆਧੁਨੀਕੀਕਰਨ ਨੇ ਮਨੁੱਖ ਦਾ ਆਲਾ ਦੁਆਲਾ ਬਦਲ ਕੇ ਰੱਖ ਦਿੱਤਾ,ਪੰਜਾਬੀਆਂ ਦੀ ਜੀਵਨ ਸ਼ੈਲੀ ਵਿੱਚ ਵੀ ਪਰਿਵਰਤਨ ਆ ਗਿਆ।ਨਵੇਂ ਸੱਭਿਆਚਾਰਕ ਪਰਿਵੇਸ਼ ਵਿੱਚ ਗਹਿਣੇ ਅਲੋਪ ਹੋਣ ਲੱਗ ਪਏ ਤੇ ਕੱਪੜੇ ਦੇ ਪਹਿਰਾਵੇ ਨੂੰ ਗਹਿਣਾ ਮੰਨਿਆ ਗਿਆ। ਇੰਝ ਇੱਕ ਨਵੀਨ ਸੱਭਿਆਚਾਰਕ ਤਸਵੀਰ ਸਾਹਮਣੇ ਆਈ ਜਿਸ ਨੂੰ ਲੋਕ ਗੀਤਾਂ ਨੇ ਵੀ ਅਪਣਾਇਆ:

ਅੱਜ ਕੱਲ ਦੀਆਂ ਕੁੜੀਆਂ ਫੈਸ਼ਨਦਾਰ,ਮੇਰੀ ਮਾਂ ਤੋਬਾ ਤੋਬਾ
ਸਾੜ੍ਹੀ ਨਾ ਪਾਉਂਦੀਆਂ,ਸੂਟ ਨਾ ਪਾਉਂਦੀਆਂ
ਪੈਂਟ ਸਜਾਉਂਦੀਆਂ ਮੁੰਡਿਆ ਨਾਲ।[32]

ਇਸ ਤਰ੍ਹਾਂ ਸਮੇਂ-ਸਮੇਂ ਤੇ ਪੰਜਾਬੀ ਮਰਦ-ਇਸਤਰੀ ਦੀਆਂ ਸ਼ਿੰਗਾਰਕ ਵਸਤਾਂ ਵਿੱਚ ਤਬਦੀਲੀ ਹੁੰਦੀ ਰਹੀ ਪਰ ਉਸ ਦੀ ਸ਼ਿੰਗਾਰਕ ਰੁਚੀ ਨਹੀਂ ਬਦਲੀ।ਇਸੇ ਤਰ੍ਹਾਂ ਲੋਕ ਗੀਤਾਂ ਵਿੱਚ ਸ਼ਿੰਗਾਰਕ ਸੁੰਦਰਤਾ ਦਾ ਜ਼ਿਕਰ ਵੀ ਬਣਿਆ ਰਿਹਾ ਸਿਰਫ ਇਸ ਦੀ ਵਿਸ਼ਾ ਸਮੱਗਰੀ ਹੀ ਬਦਲੀ।ਇਥੋਂ ਤੱਕ ਇਹ ਲੋਕ ਗੀਤਾਂ ਦੀ ਸੰਗੀਤਕ ਪੱਖ ਤੇ ਸ਼ੈਲੀ ਵਿੱਚ ਵੀ ਵਧੇਰੇ ਪਰਿਵਰਤਨ ਨਹੀਂ ਆਇਆ । ਬਦਲਦੇ ਸਮੇਂ ਨੇ ਗਾਇਕੀ ਤੇ ਸੰਗੀਤ ਵਿੱਚ ਵੀ ਕ੍ਰਾਂਤੀ ਲਿਆਉਂਦੀ ਜਿਥੇ ਪਹਿਲੇ ਵਾਰ- ਤਿਉਹਾਰ ਤੇ ਘਰੇਲੂ ਮੌਕਿਆਂ ਤੇ ਇਹ ਗੀਤ ਗਾਏ ਜਾਂਦੇ ਜਾ ਵੱਧ ਤੋਂ ਵੱਧ ਪੇਂਡੂ ਕਵੀਸ਼ਰ ਮੇਲਿਆਂ ਵਿੱਚ ਇਹਨਾਂ ਨੂੰ ਗਾ ਕੇ ਜਸ ਖੱਟਦੇ ਪਰ ਅੱਜ ਇਹਨਾਂ ਵਿਚੋਂ ਹੀ ਕਈ ਲੋਕ ਗੀਤਾਂ ਦੀ ਰਿਕਾਡਿੰਗ ਤੇ ਵੀਡੀਉਗ੍ਰਾਫੀ ਨੇ ਪੂਰੇ ਵਿਸ਼ਵ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ ਕਰਵਾ ਦਿੱਤੀ।ਜਿਵੇਂ ਜੈਜ਼ੀ ਬੈਂਸ ਦਾ ਪਾਪੂਲਰ ਤੇ ਰਿਕਾਰਡ ਕੀਤਾ ਗੀਤ ਕਹਿ ਰਿਹਾ ਹੈ:

ਸਾਰੀਆਂ ਦੁਨੀਆ ਤੇ ਚੱਲੇ ਮੇਰਾ ਨਾਂ ਨੀ
ਗੱਲਾਂ ਹੁੰਦੀਆਂ ਨੇ ਬਿੱਲੋ ਥਾਂ ਥਾਂ ਨੀ
ਤੈਨੂੰ ਸੋਨੇ ਚ ਮੜਾ ਦਿਆਂ ਸਾਰੀ......

ਸੋ ਅਜੋਕੇ ਪਰਿਵੇਸ਼ ਵਿੱਚ ਪੰਜਾਬੀਆਂ ਦਾ ਸ਼ਿੰਗਾਰਕ ਵਸਤਾਂ ਲਈ ਸ਼ੌਂਕ ਵੀ ਉਥੇ ਹੈ ਇਹਨਾਂ ਨੂੰ ਲੋਕ ਗੀਤਾਂ ਦੇ ਰੂਪ ਵਿੱਚ ਪ੍ਰਗਟਾਉਣ ਦੀ ਰੁਚੀ

ਵੀ ਉਹੀ ਹੈ ਬਸ ਵਕਤ ਹੀ ਬਦਲ ਗਿਆ ਤੇ ਨਾਲ ਇਹਨਾਂ ਦੇ ਵਿਸ਼ੇ ਤੇ ਕਹਿਣ ਦਾ ਢੰਗ ਤੇ ਮਾਧਿਅਮ ਪਰਵਰਤਿਤ ਹੋਇਆ।ਡਾ.ਰਵਿੰਦਰ ਰਵੀ ਇਸ ਨੂੰ ਗਤੀਸ਼ੀਲ ਸੱਭਿਆਚਾਰਕ ਰੂਪਾਂਤਰਣ ਦਾ ਨਾਮ ਦਿੰਦੇ ਲਿਖਦੇ ਹਨ, ਸੱਭਿਆਚਾਰਕ ਰੂਪਾਂਤਰਣ ਇੱਕ ਨਿਰੰਤਰ ਤੇ ਗਤੀਸ਼ੀਲ ਵਰਤਾਰਾ ਹੈ ਪਰ 20ਵੀਂ ਸਦੀ ਦੀਆ ਵਿਸ਼ਵਵਿਆਪੀ ਤਬਦੀਲੀਆਂ ਨੇ ਇਸ ਨਿਰੰਤਰਤਾ ਤੇ ਗਤੀਸ਼ੀਲਤਾ ਨੂੰ ਅਤਿਅੰਤ ਤੇਜ਼ ਕੀਤਾ।ਵਿਗਿਆਨ ਅਤੇ ਤਕਨੀਕ ਦੀ ਉੱਨਤੀ,ਵਿਸ਼ਵੀਕਰਨ ਦਾ ਵਰਤਾਰਾ,ਸੰਚਾਰ ਸਾਧਨਾਂ ਦਾ ਵਿਕਾਸ,ਆਵਾਜਾਈ ਦੇ ਸਾਧਨਾਂ ਦੀ ਤੇਜ਼ਤਰਾਰੀ ਅਤੇ ਬੁਨਿਆਦੀ ਢਾਂਚੇ ਦਾ ਵਿਕਸਿਤ ਹੋਣਾ ਆਦਿ ਸਾਰੇ ਹੀ ਕਾਰਨ ਸੱਭਿਆਚਾਰਕ ਬਦਲਾਅ ਦੇ ਵਾਹਨ ਬਣੇ ਹਨ ਇਨ੍ਹਾਂ ਸੱਭਿਆਚਾਰਕ ਬਦਲਾਵਾਂ ਨੇ ਸਥਾਪਿਤ ਕੀਮਤ ਪ੍ਰਬੰਧਾਂ ਵਿੱਚ ਬਦਲਾਅ ਵੀ ਲਿਆਉਂਦਾ ਤੇ ਨਵੇਂ ਕੀਮਤ ਪ੍ਰਬੰਧ ਵੀ ਸਿਰਜੇ [33]।ਸੋ ਲੋਕ ਗੀਤ ਇਕ ਅਜਿਹੀ ਵੰਨਗੀ ਹੈ ਜਿਸ ਦਾ ਸੁਹਜ ਸੰਸਾਰ,ਸਜਰੇ ਤੇ ਨਰੋਏ ਦਿਲੀ ਖਿਆਲਾਂ ਨਾਲ ਹੀ ਸਿਰਜਿਆ ਜਾਂਦਾ ਹੈ ਇਸ ਲਈ ਪੰਜਾਬੀ ਲੋਕ ਗੀਤਾਂ ਨੇ ਬਦਲਦੇ ਯੁਗ ਦੇ ਸ਼ਿੰਗਾਰ ਨੂੰ ਆਪਣਾ ਸ਼ਿੰਗਾਰ ਬਣਾਉਣ ਵਿੱਚ ਦੇਰ ਨਾ ਲਾਈ।

## ਹਵਾਲੇ ਅਤੇ ਟਿੱਪਣੀਆਂ

- ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਸਰਕਾਰੀ ਕਾਲਜ ਰੂਪਨਗਰ।


1 ਡਾ. ਨਾਹਰ ਸਿੰਘ,ਚੰਨਾ ਵੇ ਤੇਰੀ ਚਾਨਣੀ,ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ,1998,ਪੰਨਾ 3

2 ਡਾ. ਰਸ਼ਮੀ ਨੰਦਾ,ਉੱਤਰ ਭਾਰਤ ਦੇ ਲੋਕ ਨਾਚ,ਇੰਟਰਨੈਸ਼ਨਲ ਪਬਲਿਸ਼ਰਜ਼ ਅੰਮ੍ਰਿਤਸਰ,2012 ਪੰਨਾ 53

3 ਸੁਖਦੇਵ ਮਾਧਪੁਰੀ,ਸ਼ਾਵਾ ਨੀ ਬੰਬੀਹਾ ਬੋਲੇ (ਪੰਜਾਬਣਾਂ ਦੇ ਗੌਣ,)ਚੇਤਨਾ ਪ੍ਰਕਾਸ਼ਨ,ਲੁਧਿਆਣਾ,2008 ਪੰਨਾ 16

4 Encyclopaedia of Britannica, Vol. I. Page 443

5 ਡਾ. ਜੀਤ ਸਿੰਘ ਜੋਸ਼ੀ,ਲੋਕ ਕਲਾ ਅਤੇ ਸੱਭਿਆਚਾਰਕ,ਮੁੱਢਲੀ ਜਾਣ ਪਛਾਣ ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ, 2010,ਪੰਨਾ 278

6 ਆਦਿ ਗ੍ਰੰਥ ਪੰਨਾ18

7 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 45

8 ਉਹੀ,ਪੰਨਾ 419

9 ਉਹੀ ਪੰਨਾ 420

10 ਮਹਿੰਦਰ ਸਿੰਘ ਬਿਰਦੀ,ਮਾਲਵੇ ਦਾ ਲੋਕ ਸਾਹਿਤ ਇੱਕ ਆਲੋਚਨਾਤਮਿਕ ਅਧਿਐਨ ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਪੰਨਾ 114

11 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 419

12 ਉਹੀ, ਪੰਨਾ 417

13 ਡਾ. ਭੁਪਿੰਦਰ ਸਿੰਘ ਖਹਿਰਾ,ਡਾ. ਸੁਰਜੀਤ ਸਿੰਘ( ਸੰਪਾ.), ਲੋਕਧਾਰਾ ਦੀ ਭੂਮਿਕਾ,ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009, ਪੰਨਾ 33

14 ਡਾ.ਪ੍ਰਭਸ਼ਰਨ ਕੌਰ, ਢੋਲਕੀ ਦੇ ਗੀਤ,ਗ੍ਰੇਸ਼ਿਅਸ ਬੁਕਸ,ਪਟਿਆਲਾ,2009,ਪੰਨਾ 80

15 ਉਹੀ , ਪੰਨਾ 42

16 ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸੱਭਿਆਚਾਰ, ਮੁੱਢਲੀ ਜਾਣ ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,2010,ਪੰਨਾ 279

17 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 418

18 ਪ੍ਰਭਸ਼ਰਨਜੋਤ ਕੌਰ, ਦਾਤੀ ਘੁੰਗਰੂਆਂ ਵਾਲੀ,ਵਿਆਹ ਦੇ ਗੀਤ,ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, 2007 ਪੰਨਾ 35

19 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 398

20 ਡਾ.ਪ੍ਰਭਸ਼ਰਨ ਕੌਰ, ਢੋਲਕੀ ਦੇ ਗੀਤ,ਗ੍ਰੇਸ਼ਿਅਸ ਬੁਕਸ,ਪਟਿਆਲਾ,2009,ਪੰਨਾ 41

21 ਗੁਲਜ਼ਾਰ ਸਿੰਘ ਸੰਧੂ, ਹਾਰ ਸ਼ਿੰਗਾਰ,ਸੱਭਿਆਚਾਰ ਦਰਪਣ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 101

22 -ਉਹੀ-

23 ਡਾ.ਪ੍ਰਭਸ਼ਰਨ ਕੌਰ, ਢੋਲਕੀ ਦੇ ਗੀਤ,ਗ੍ਰੇਸ਼ਿਅਸ ਬੁਕਸ,ਪਟਿਆਲਾ,2009,ਪੰਨਾ 91

24 - ਉਹੀ-

25 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 416

26 ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸੱਭਿਆਚਾਰ, ਮੁੱਢਲੀ ਜਾਣ ਪਛਾਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,2010,ਪੰਨਾ 80

27 – ਉਹੀ–

28 ਗੁਲਜ਼ਾਰ ਸਿੰਘ ਸੰਧੂ, ਹਾਰ ਸ਼ਿੰਗਾਰ,ਸੱਭਿਆਚਾਰ ਦਰਪਣ,ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਨਾ 103

29 ਮਹਿੰਦਰ ਸਿੰਘ ਰੰਧਾਵਾ, ਦਵਿੰਦਰ ਸਤਿਆਰਥੀ,ਪੰਜਾਬੀ ਲੋਕ ਗੀਤ,ਸਾਹਿਤ ਅਕਾਦਮੀ,ਨਵੀਂ ਦਿੱਲੀ,1999 ਪੰਨਾ 439

30 ਉਹੀ– ਪੰਨਾ 47

31 ਡਾ. ਨਾਹਰ ਸਿੰਘ,ਚੰਨਾ ਵੇ ਤੇਰੀ ਚਾਨਣੀ,ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ 1998, ਪੰਨਾ 297

32 ਡਾ. ਰਾਜਵੰਤ ਕੌਰ, ਵਿਆਹ ਦੇ ਲੋਕ ਗੀਤ,ਵਿਭਿੰਨ ਪਰਿਪੇਖ, ਲੋਕਗੀਤ ਪ੍ਰਕਾਸ਼ਨ,2003, ਪੰਨਾ 212

33 ਡਾ. ਰਵਿੰਦਰ ਰਵੀ,ਆਲੋਚਨਾ: ਵਿਸ਼ੇਸ਼ ਅੰਕ, ਡਾ. ਸੁਖਦੇਵ ਸਿੰਘ ਸਿਰਸਾ ਤੇ ਡਾ. ਜਸਵਿੰਦਰ ਸਿੰਘ (ਸੰਪਾ.), ਪੰਜਾਬੀ ਸਾਹਿਤ ਅਕਾਦਮੀ, ਪੰਜਾਬੀ ਭਵਨ ਲੁਧਿਆਣਾ, ਮਾਰਚ 2009, ਪੰਨਾ 130